# ਪਵਿੱਤਰ ਆਤਮਾ ਦਾ ਰਹੱਸਵਾਦ (1)

**ਅਨੁਭਾਗ - 1**

## ਪਵਿਤਰ ਆਤਮਾ ਦੀ ਪਹਿਚਾਣ

ਪਵਿੱਤਰ ਆਤਮਾ ਬਾਰੇ ਬਹੁਤ ਸਾਰੀਆਂ ਸ਼ਬਦਾਂਵਲੀਆਂ ਪਵਿੱਤਰ ਗ੍ਰੰਥਾਂ ਵਿੱਚ ਹਨ ਜਿਵੇਂ ਕਿ:

1 ਯਿਸ਼ੂ ਮਸੀਹ ਦੀ ਆਤਮਾ - ਰੋਮਿਉ 8:9

2. ਸਹਾਇਕ - ਯੂਹੰਨਾ 16:7

3. ਪਵਿੱਤਰ ਆਤਮਾ - ਰਸੂਲਾਂ ਦੇ ਕਰਤੱਬ 2:38

4. ਪਿਤਾ ਦਾ ਕਰਾਰ - ਲੂਕਾ 24:49 ਅਤੇ ਗਲਾਤੀਆਂ 3:14

5. ਸੱਚਾਈ ਦੀ ਆਤਮਾ -ਯੂਹੰਨਾ 14:17

6. ਮਹਿਮਾ ਦੀ ਆਤਮਾ - ਇਬਰਾਨੀਆਂ 10:29

7. ਜੀਵਨ ਦੀ ਆਤਮਾ - ਰੋਮੀਉ 8:2

8. ਲੇਪਾਲਕ ਦੀ ਆਤਮਾ - ਰੋਮੀਉ 8:15

## ਆਤਮਾ ਦਾ ਸੰਕੇਤ

ਅੱਗ (ਮਤੀ 3:11), ਹਵਾ (ਯੂਹੰਨਾ 3:8), ਪਾਣੀ (ਯੂਹੰਨਾ 7:38), ਫਾਖਤਾ (ਮਤੀ 3:16) ਅਤੇ ਮੋਹਰ (ਅਫ਼ਸਿਆਂ 3:13) ਹਨ ।

## ਪ੍ਰਮੇਸ਼ਵਰ ਦਾ ਆਹੁਦਾ

ਪਵਿੱਤਰ ਆਤਮਾ (Holy Spirit) ਪ੍ਰਮੇਸ਼ਵਰ ਦਾ ਆਹੁਦਾ ਹੈ ਜਿਸ ਨੂੰ ਪਵਿੱਤਰ ਗ੍ਰੰਥ ਵਿਸ਼ੇਸ਼ ਮਹੱਤਤਾ ਦਿੰਦੇ ਹਨ। ਇਹ ਨਿਵੇਕਲਤਾ ਨਾਲ ਪ੍ਰਮੇਸ਼ਵਰ ਦੇ ਵਿਅਕਤੀਆਂ ਦੇ ਅੰਦਰ ਜਾਂ ਉਹਨਾਂ ਉੱਪਰ ਵਾਸ ਲਈ ਵਰਤੀ ਜਾਂਦੀ ਹੈ। ਕਿਸੇ ਖਾਸ ਮਕਸਦ ਲਈ, ਕਿਸੇ ਖਾਸ ਸ਼ਕਤੀ ਲਈ ਅਤੇ ਕੰਮ ਲਈ ਜਾਂ ਨਵੇਂ ਨਿਯਮ ਅਨੁਸਾਰ ਪਾਣੀ ਅਤੇ ਆਤਮਾ ਰਾਹੀਂ ਦੋਬਾਰਾ ਜਨਮ ਦੇ ਲਈ ਭੀ ਵਰਤੀ ਜਾਂਦੀ ਹੈ।

## ਪੁਰਾਣੇ ਨਿਯਮ ਵਿੱਚ

ਇਸ ਸ਼ਬਦਾਵਲੀ ਦੀ ਪੁਰਾਣੇ ਨਿਯਮ ਵਿੱਚ ਬਹੁਤ ਜ਼ਿਆਦਾ ਵਰਤੋਂ ਨਹੀ ਕੀਤੀ ਗਈ। ਜਦੋਂ ਭੀ ਪੁਰਾਣੇ ਨਿਯਮ ਵਿਚ ਇਸ ਦੀ ਵਰਤੋਂ ਕੀਤੀ ਗਈ ਇਹ ਦੋਬਾਰਾ ਜਨਮ ਦੇ ਲਈ ਨਹੀਂ ਕੀਤੀ ਗਈ ਪ੍ਰੰਤੂ ਪ੍ਰਮਾਤਮਾ ਦੀ ਕਿਸੇ ਖਾਸ ਵਿਅਕਤੀ ਉੱਤੇ ਮੌਜੂਦਗੀ ਲਈ ਵਰਤੀ ਗਈ ਹੈ ਜਿਸ ਨੂੰ ਕੁਝ ਵਿਸ਼ੇਸ਼ ਸ਼ਕਤੀਆਂ ਦੀ ਦਾਤ ਮਿਲੀ ਸੀ।

## ਨਵੇਂ ਨਿਯਮ ਵਿੱਚ

ਨਵੇਂ ਨਿਯਮ ਵਿੱਚ ਸ਼ਬਦ 'ਪਵਿੱਤਰ ਆਤਮਾ' ਉਹ ਮਹੱਤਤਾ ਲੈਂਦਾ ਹੈ ਜਿਹੜੀ ਕਿ ਪੁਰਾਣੇ ਨਿਯਮ ਵਿੱਚ ਇਸ ਨੂੰ ਨਹੀਂ ਮਿਲਦੀ। ਵਿਸ਼ਵਾਸ਼ੀ ਵਿੱਚ ਪਵਿੱਤਰ ਆਤਮਾ ਪੁਰਾਣੇ ਨਿਯਮ ਵਿੱਚ ਕਦੇ ਨਹੀਂ ਸੁਣੀ ਗਈ ਸਿਵਾ ਕਿਸੇ ਪੈਗੰਬਰੀ ਮਕਸਦ ਦੇ ਪੂਰਾ ਹੋਣ ਦੇ ਲਈ। 'ਪਵਿੱਤਰ ਆਤਮਾ' ਸ਼ਬਦ ਪੁਰਾਣੇ ਨਿਯਮ ਵਿੱਚ ਕੇਵਲ ਤਿੰਨ ਵਾਰੀ ਹੀ ਮਿਲਦਾ ਹੈ ਪਰ ਨਵੇਂ ਨਿਯਮ ਵਿੱਚ ਇਹ ਛਿਆਸੀ ਵਾਰ ਵਰਤਿਆ ਗਿਆ ਹੈ। ਪੁਰਾਣੇ ਨਿਯਮ ਵਿੱਚ ਆਤਮਾ ਦਾ ਸ਼ਕਤੀਕਰਨ ਨਵੇਂ ਨਿਯਮ ਦੇ ਤੋਹਫੇ ਵਜੋਂ ਸਥਾਈ ਰੂਪ ਵਿੱਚ ਰਹਿਣ ਦੀ ਵਿਸ਼ੇਸ਼ਤਾ ਨੂੰ ਨਹੀਂ ਮੰਨਦਾ। ਪੁਰਾਣੇ ਨਿਯਮ ਵਿੱਚ ਕੋਈ ਵੀ ਪਵਿੱਤਰ ਆਤਮਾ ਦਾ ਤੋਹਫਾ ਨਹੀਂ ਸੀ।

ਯੂਹੰਨਾ ਬਪਤਿਸਮਾ ਦੇਣ ਵਾਲਾ ਇਸ ਨਿਯਮ ਲਈ ਛੁੱਟ ਮੰਨਿਆ ਜਾ ਸਕਦਾ ਹੈ। ਇਸੇ ਤਰ੍ਹਾਂ ਹਨੋਕ ਅਤੇ ਏਲੀਆ ਭੀ ਪੁਰਾਣੇ ਨਿਯਮ ਅਨੁਸਾਰ ਇੱਕ ਵਿਰੋਧਾਭਾਸ ਸਨ ਜੋ ਇਸ ਦੁਨੀਆਂ ਨੂੰ ਛੱਡ ਕੇ ਸਰੀਰ ਸਾਹਿਤ ਪ੍ਰਮੇਸ਼ਵਰ ਦੀ ਮੌਜੂਦਗੀ ਵਿੱਚ ਦਾਖਲ ਹੋਏ। ਨਵੇਂ ਨਿਯਮ ਦੇ ਚਰਚ ਦੇ ਸਮਿਆਂ ਵਿੱਚ ਪਵਿੱਤਰ ਆਤਮਾ ਨੂੰ ਪ੍ਰਭੂ ਯਿਸ਼ੂ ਮਸੀਹ ਦੀ ਦੈਵੀ ਆਤਮਾ ਮੰਨਿਆਂ ਗਿਆ ਜੋ ਵਿਸ਼ਵਾਸ਼ੀ ਵਿੱਚ ਰਹਿੰਦੀ ਹੈ । (ਯੂਹੰਨਾ 14:20 ਅਤੇ ਰੋਮੀਉ 8:22 ਆਦਿ)

ਆਮ ਤੌਰ ਤੇ ਇਹ ਚੌਥੀ ਅਤੇ ਪੰਜਵੀ ਸਦੀ ਦੇ ਚਰਚ ਦੀ ਇਤਿਹਾਸਕ ਸੋਚ ਸੀ ਜਦੋਂ ਪਵਿੱਤਰ ਆਤਮਾ ਦੀ ਹੋਂਦ ਪ੍ਰਭੂ ਯਿਸ਼ੂ ਮਸੀਹ ਤੋਂ ਵੱਖਰੀ ਮੰਨੀ ਜਾਣ ਲੱਗੀ। ਇਹ ਪਵਿੱਤਰ ਆਤਮਾ ਨੂੰ ਇੱਕ ਅਲੱਗ ਪਹਿਚਾਣ ਦੇਣਾ ਸੀ ਅਤੇ ਇਹ ਕੰਮ ਪੂਰੀ ਲਗਨ ਨਾਲ ਕੀਤਾ ਗਿਆ ਸੀ। ਇਹ ਇਸ ਮੰਸ਼ਾ ਨਾਲ ਕੀਤਾ ਗਿਆ ਸੀ ਕਿ ਪਵਿੱਤਰ ਆਤਮਾ ਨੂੰ ਉਸਦਾ ਵੈਭਵ ਪੂਰੀ ਤਰ੍ਹਾਂ ਯਕੀਨੀ ਤੌਰ ਤੇ ਦਿੱਤਾ ਜਾ ਸਕੇ।

ਇਹ ਤਰਕ ਭਾਵੇਂ ਕਿ ਪੂਰੀ ਲਗਨ ਨਾਲ ਸੀ ਪਰ ਨਵੇਂ ਨਿਯਮ ਲਈ ਇਹ ਬਿਲਕੁਲ ਉੱਪਰਾ ਹੈ। ਨਵੇਂ ਨਿਯਮ ਦੇ ਲੇਖਕ ਇਸ ਤਰ੍ਹਾਂ ਨਹੀਂ ਸਨ ਸੋਚਦੇ। ਉਹਨਾਂ ਵਾਸਤੇ ਪਵਿੱਤਰ ਆਤਮਾ ਪ੍ਰਭੂ ਯਿਸ਼ੂ ਦੀ ਆਤਮਾ ਹੀ ਹੈ। ਨਵੇਂ ਨਿਯਮ ਦੇ ਵਿਸ਼ਵਾਸੀ ਇਕ ਹੀ ਆਤਮਾ ਦੇ ਪੱਖ ਵਿਚ ਹਨ। (1 ਰੰਥੀਆਂ 12:13) ਅਤੇ ਉਹ ਪਵਿੱਤਰ ਆਤਮਾ ਨੂੰ ਪ੍ਰਭੂ ਦੀ ਆਤਮਾ ਹੀ ਮੰਨਦੇ ਸਨ। (ਰੋਮੀਉ 8:11)

## ਸੱਚ ਦਾ ਆਤਮਾ

ਜਦੋਂ ਪ੍ਰਭੂ ਯਿਸ਼ੂ ਨੇ ਪਵਿੱਤਰ ਆਤਮਾ ਦਾ ਸੰਕੇਤ ਦਿੱਤਾ ਅਤੇ ਇਕ ਹੋਰ 'ਸਹਾਇਕ' ਦਾ ਵਾਇਦਾ ਕੀਤਾ। (ਯੂਹੰਨਾ 14:16) ਇਹ ਲੱਗਦਾ ਹੈ ਕਿ ਉਹ ਇਸ ਨੂੰ ਇਕ ਅਲੱਗ ਵਿਅਕਤੀ ਦੇ ਤੌਰ ਤੇ ਸਮਝ ਬੈਠੇ। ਇਹ 'ਸਹਾਇਕ' ਪ੍ਰਭੂ ਯਿਸ਼ੂ ਦੀ ਦੈਵੀ ਸ਼ਕਤੀ ਅਰਥਾਤ ਆਤਮਾ ਸੀ ਜਿਹੜੀ ਵਿਸ਼ਵਾਸੀਆਂ ਅੰਦਰ ਸਦਾ ਵਸੇਗੀ। ਪਵਿੱਤਰ ਆਤਮਾ ਪ੍ਰਭੂ ਦੀ ਸਰੀਰਕ ਮੌਜੂਦਗੀ ਤੋਂ ਬਿਨਾ ਵਿਸ਼ਵਾਸੀਆਂ ਵਿਚ ਆਉਣ ਵਾਲੀ ਸੀ ਜੋ ਉਹਨਾਂ ਅੰਦਰ ਪੱਕੀ ਤਰਾਂ ਸਥਾਈ ਰੂਪ ਵਿਚ ਵਸੇਗੀ। ਪ੍ਰਭੂ ਯਿਸ਼ੂ ਮਸੀਹ ਕਹਿੰਦੇ ਹਨ, "ਰਾਹ ਸਚਾਈ ਅਤੇ ਜੀਵਨ ਮੈਂ ਹਾਂ" ਅਰਥਾਤ ਖੁਦ ਨੂੰ 'ਸੱਚ' ਆਖਦੇ ਹਨ (ਯੂਹੰਨਾ 14:6) ਅਤੇ ਪਵਿੱਤਰ ਆਤਮਾ ਨੂੰ 'ਸੱਚ ਦਾ ਆਤਮਾ' ਦੱਸਦੇ ਹਨ। (ਯੂਹੰਨਾ 14:17) ਅਤੇ ਉਹ ਅੱਗੇ ਉਸ ਸੱਚ ਦੇ ਆਤਮਾ ਬਾਰੇ ਕਹਿੰਦੇ ਹਨ ਕਿ ਸੱਚ ਦਾ ਆਤਮਾ ਜਿਸ ਨੂੰ ਜਗਤ ਨਹੀਂ ਪਾ ਸਕਦਾ ਕਿਉਂ ਜੋ ਉਹ ਉਸਨੂੰ ਨਹੀਂ ਵੇਖਦਾ ਅਤੇ ਨਾ ਉਸ ਨੂੰ

ਜਾਣਦਾ ਹੈ। ਤੁਸੀਂ ਉਸ ਨੂੰ ਜਾਣਦੇ ਹੋ ਕਿਉਂ ਕਿ ਉਹ ਤੁਹਾਡੇ ਸੰਗ ਹੈ ਅਤੇ ਤੁਹਾਡੇ ਵਿੱਚ ਹੋਵੇਗਾ। ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। (ਯੂਹੰਨਾ 14:17-18) ਇੱਥੇ ਉਹ ਸਮਝਦੇ ਹਨ ਕਿ ਉਹ (ਪ੍ਰਭੂ ਯਿਸੂ) ਵਾਪਿਸ ਆਵੇਗਾ ਅਤੇ ਉਹ ਉਹਨਾਂ ਦਾ ਸਹਾਇਕ ਹੋਵੇਗਾ। ਫੇਰ ਅੱਗੇ ਕਿਸੇ ਹੋਰ ਭਰਮ ਨੂੰ ਨਿਰਸਤ ਕਰਦਿਆ ਉਹ ਪਵਿੱਤਰ ਆਤਮਾ ਸਹਾਇਕ ਦੇ ਰੂਪ ਵਿੱਚ ਪਹਿਚਾਣਦੇ ਹਨ। (ਯੂਹੰਨਾ 14:26) ਬਿਨਾਂ ਸ਼ੱਕ ਉਹ ਇਹ ਨਹੀਂ ਕਹਿੰਦੇ ਕਿ ਸਹਾਇਕ ਦੋ ਹਨ ਪਰੰਤੂ ਉਹ ਉਸਦੇ ਸਰੀਰਕ ਰੂਪ ਵਿੱਚ ਸਹਾਇਕ ਹਨ ਜੋ ਉਹਨਾਂ ਦੇ ਨਾਲ ਹਨ। ਪਰ ਉਸ ਦੇ ਸੁਰਗ ਵਿਚ ਉੱਠ ਜਾਣ ਨੂੰ ਯਿਸੂ ਸਰੀਰਕ ਰੂਪ ਵਿਚ ਨਹੀਂ ਪਰ ਉਸ ਦੀ ਆਤਮਿਕ ਮੋਜੂਦਗੀ ਉਹਨਾਂ ਦੇ ਨਾਲ ਹੋਵੇਗੀ। ਉਸ ਦੇ ਸੁਰਗ ਵਿੱਚ ਉਠਾ ਲਏ ਜਾਣ ਤੇ ਪਵਿੱਤਰ ਆਤਮਾ ਅਰਥਾਤ ਸਹਾਇਕ ਭੇਜੇਗਾ ਜੋ ਕਿ ਪਵਿੱਤਰ ਹੈ ਉਹ ਉਹਨਾਂ ਦਾ ਸਹਾਇਕ ਹੋਵੇਗਾ।

"ਪਰ ਜਾਂ ਉਹ ਸਹਾਇਕ ਆਵੇ ਜਿਹ ਨੂੰ ਮੈਂ ਪਿਤਾ ਵੱਲੋਂ ਤੁਹਾਡੇ ਕੋਲ ਘੱਲਾਂਗਾ ਅਰਥਾਤ ਸੱਚ ਦਾ ਆਤਮਾ ਜਿਹੜਾ ਪਿਤਾ ਵੱਲੋਂ ਆਵੇਗਾ ਤਾਂ ਉਹ ਮੇਰੇ ਬਾਰੇ ਸਾਖੀ ਦੇਵੇਗਾ"। (ਯੂਹੰਨਾ 15:26)

## ਪੁਰਾਣੇ ਨਿਯਮ ਵਿੱਚ ਪਵਿੱਤਰ ਆਤਮਾ (2)

ਜਦੋਂ ਅਸੀਂ ਪੁਰਾਣੇ ਨਿਯਮ ਵਿੱਚ ਪਵਿੱਤਰ ਆਤਮਾ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਤਲਬ ਪ੍ਰਭੂ ਯਿਸੂ ਦੇ ਪੈਂਟੀਕੋਸਟਲ ਦੇ ਵਾਅਦੇ ਤੋਂ ਪਹਿਲਾਂ ਦੇ ਸਮੇਂ ਦਾ ਹੁੰਦਾ ਹੈ (ਰਸੂਲਾਂ ਦੇ ਕਰਤੱਬ 1:8) ਅਤੇ ਪੈਂਟੀਕੋਸਟ ਦੇ ਦਿਨ 120 ਚੇਲਿਆਂ ਦੁਆਰਾ ਪ੍ਰਾਪਤ ਕੀਤਾ ਗਿਆ। (ਰਸੂਲਾਂ ਦੇ ਕਰਤੱਬ 2:1-4) ਇਹ ਪੁਰਾਣੇ ਨਿਯਮ ਅਤੇ ਨਵੇਂ ਨਿਯਮ ਵਿੱਚ ਖਿੱਚੀ ਹੋਈ ਲਕੀਰ ਹੈ। ਇਹ ਇਕ ਵਾਰ ਹੀ ਪੁਰਾਣੇ ਨਿਯਮ ਦੇ ਸਮੇਂ ਉੱਪਰ ਪਰਦਾ ਗਿਰਾ ਦਿੰਦੀ ਹੈ। ਨਿਯਮ ਅਤੇ ਪੈਗੰਬਰ ਅਤੇ ਚਰਚ ਦੇ ਸਮੇਂ ਦੇ ਪੁਜਾਰੀਆਂ ਉੱਪਰ ਪਵਿੱਤਰ ਆਤਮਾ ਦਾ ਪਰਦਾ ਪਾ ਦਿੰਦੀ ਹੈ।

ਪੁਰਾਣੇ ਨਿਯਮ ਵਿੱਚ ਪਵਿੱਤਰ ਆਤਮਾ ਦਾ ਸ਼ਬਦ ਨਾ ਮਾਤਰ ਹੀ ਹੋਂਦ ਵਿੱਚ ਰਿਹਾ ਪਰੰਤੂ ਦੈਵੀ ਸ਼ਕਤੀ ਰੂਪ ਵਿੱਚ ਪ੍ਰਮੇਸ਼ਵਰ ਦੀ ਆਤਮਾ ਦਾ ਸਮਰੂਪ ਹੀ ਕਿਹਾ ਗਿਆ। (ਯੋਏਲ 2:28-29) ਸ਼ੁਭ ਸਮਾਚਾਰ ਵਿੱਚ ਸਮਰੂਪੀ ਵਿਚਾਰ ਵਿੱਚ ਪਵਿੱਤਰ ਆਤਮਾ ਸ਼ਬਦ 20 ਵਾਰ ਵਰਤਿਆ ਗਿਆ। ਸਿਰਫ ਰਸੂਲਾਂ ਦੇ ਕਰਤੱਬ ਵਿੱਚ ਇਹ ੪੦ ਵਾਰ ਵਰਤਿਆ ਗਿਆ। ਬਾਕੀ ਨਵੇਂ ਨਿਯਮ ਵਿੱਚ ਵੀਹ ਵਾਰ ਪਵਿੱਤਰ ਆਤਮਾ ਦਾ ਜ਼ਿਕਰ ਹੋਇਆ ਹੈ। ਪੁਰਾਣੇ ਨਿਯਮ ਵਿੱਚ ਪਵਿੱਤਰ ਆਤਮਾ ਦਾ ਜ਼ਿਕਰ ਗਿਣੇ ਚੁਣੇ ਵਿਅਕਤੀਆਂ ਉੱਪਰ ਅਸਥਾਈ ਤੌਰ ਤੇ ਸੀ ਅਤੇ ਕਿਸੇ ਕੰਮ ਨੂੰ ਪੂਰਣ ਕਰਨ ਲਈ ਕੀਤਾ ਗਿਆ ਭਾਵੇਂ ਕਿ ਇਹ ਮੁਕਤੀ ਵਿੱਚ ਮਹੱਤਤਾ ਰੱਖਦਾ ਹੈ।

### ਕਿਸੇ ਖਾਸ ਕੰਮ ਲਈ ਸ਼ਕਤੀ ਦੇਣਾ

ਨਵੇਂ ਨਿਯਮ ਵਿੱਚ ਕਿਸੇ ਉੱਪਰ ਜਾਂ ਉਸ ਅੰਦਰ ਪਵਿੱਤਰ ਆਤਮਾ ਦਾ ਸਿੱਧਾ ਸੰਬੰਧ ਉਸ ਦੀ ਮੁਕਤੀ ਨਾਲ ਹੁੰਦਾ ਹੈ। ਨਵੇਂ ਨਿਯਮ ਤੋਂ ਪਹਿਲਾਂ ਇਸ ਤਰ੍ਹਾਂ ਨਹੀਂ ਸੀ। ਫੇਰ ਵੀ ਪਵਿੱਤਰ ਆਤਮਾ ਦੀ ਗੱਲ ਕਿਸੇ ਉੱਪਰ ਜਾਂ ਉਸ ਅੰਦਰ ਹੋਣ ਬਾਰੇ ਕਹੀ ਗਈ ਹੈ। ਇਹ ਕਿਸੇ ਖਾਸ ਕੰਮ ਲਈ ਖਾਸ ਤਰੀਕੇ ਨਾਲ ਸੀ ਪਰੰਤੂ ਕਿਸੇ ਭੀ ਤਰ੍ਹਾਂ ਨਵਾਂ ਜੀਵਨ ਨਹੀਂ ਸੀ ਬਣਾਉਂਦੀ। ਜਦੋਂ ਕਿ ਇਹ ਉਹਨਾਂ ਨੂੰ ਸ਼ਕਤੀ ਦਿੰਦੀ ਸੀ ਇਹ ਉਹਨਾਂ ਵਿੱਚ ਬਦਲਾਉ ਨਹੀਂ ਸੀ ਲਿਆਉਂਦੀ ਅਤੇ ਉਹਨਾਂ ਨੂੰ ਪ੍ਰਮੇਸ਼ਵਰ ਦੇ ਪੁੱਤਰ ਨਹੀਂ ਸੀ ਬਣਾਉਂਦੀ (ਯੂਹੰਨਾ 3:3, 5) ਜਿਵੇਂ ਕਿ ਇਸ ਨੇ ਬਾਦ ਵਿੱਚ ਕੀਤਾ। ਨਵੇਂ ਨਿਯਮ ਵਿੱਚ ਇਹ ਪਵਿੱਤਰ ਆਤਮਾ ਦਾ ਵਾਸ ਹੈ ਜਿਸ ਰਾਹੀਂ ਵਿਸ਼ਵਾਸ਼ੀ ਪ੍ਰਮੇਸ਼ਵਰ ਦੇ ਰਾਜ ਵਿੱਚ ਦਾਖਿਲ ਹੁੰਦਾ ਹੈ।

ਪੁਰਾਣੇ ਨਿਯਮ ਵਿੱਚ, ਵਿਸ਼ਵਾਸ਼ੀ ਉੱਪਰ ਪਵਿੱਤਰ ਆਤਮਾ ਦੀ ਮਹੱਤਤਾ ਅਲੱਗ ਸੀ। ਚਰਚ ਯੁੱਗ ਦੇ ਆਣ ਤੋਂ ਪਹਿਲਾਂ ਪਵਿੱਤਰ ਆਤਮਾ ਦੇ ਵਿਅਕਤੀ ਉੱਪਰ ਆਣ ਬਾਰੇ ਬਹੁਤ ਸਾਰੇ ਜ਼ਿਕਰ ਹਨ। ਪੁਰਾਣਾ ਨਿਯਮ ਲਿਖਣ ਵਾਲਿਆਂ ਬਾਰੇ ਕਿਹਾ ਗਿਆ ਹੈ ਕਿ ਪਵਿੱਤਰ ਆਤਮਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਪਵਿੱਤਰ ਗ੍ਰੰਥਾਂ ਦੀ ਰਚਨਾ ਕੀਤੀ। (2 ਪਤਰਸ 1:2) ਪ੍ਰਮੇਸ਼ਵਰ ਦੀ ਆਤਮਾ ਦਾ ਜੋਜ਼ਫ ਵਿੱਚ ਆਉਣਾ ਕਿਹਾ ਜਾਂਦਾ ਹੈ (ਉਤਪਤੀ 41:38), ਬਸਲਏਲ (ਕੂਚ 31:3), ਬਾਲਾਮ (ਗਿਣਤੀ 24:2), ਸ਼ਾਊਲ (1 ਸੈਮੁਅਲ 10:10), ਅਜਾਹਰੀਆ (2 ਇਤਿਹਾਸ ਦੀ ਪੋਥੀ, ਅਯੁੱਬ 27:3) ਅਤੇ ਹੋਰ। ਪਵਿੱਤਰ ਆਤਮਾ ਮੈਰੀ ਉੱਪਰ ਵੀ ਆਇਆ। (ਮਤੀ 1:18, 20) ਯਕਰਯਾਹ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਵਿੱਤਰ ਆਤਮਾ ਨਾਲ ਭਰਿਆ ਸੀ। ਸਾਈਮਨ ਉੱਪਰ ਵੀ ਪਵਿੱਤਰ ਆਤਮਾ ਦਾ ਵਾਸ ਸੀ। (ਲੂਕਾ 2:25) ਮਨੁੱਖੀ ਰੂਪ ਵਿੱਚ ਪ੍ਰਭੂ ਯਿਸ਼ੂ ਮਸੀਹ ਆਪਣੇ ਬਪਤਿਸਮੇ ਸਮੇ ਸਰਵਉੱਚ ਉਦਾਹਰਣ ਹੈ ਜਦੋਂ ਮਾਨਵਤਾ ਉੱਪਰ ਪਵਿੱਤਰ ਆਤਮਾ ਦੀ ਸ਼ਕਤੀ ਦਿੱਤੀ ਗਈ। ਪ੍ਰਭੂ ਯਿਸ਼ੂ ਦੀ ਪੈਦਾਇਸ਼ ਤੋਂ ਹੀ ਪ੍ਰਮੇਸ਼ਵਰ ਦਾ ਪੁੱਤਰ ਸੀ। ਫੇਰ ਵੀ ਉਸ ਦੀ ਮਨੁੱਖਤਾ ਘੱਟ ਨਹੀ ਸੀ ਅਤੇ ਉਸ ਨੇ ਆਪਣੇ ਖਾਸ ਮਸੀਹੀ ਮਿਸ਼ਨ ਦੁਆਰਾ ਮਨੁਖ ਦੀ ਮੁਕਤੀ ਕੀਤੀ। (ਲੂਕਾ 3:22, 4:1, 18) ਅਨੋਨਿਟਨਿਗ ਦੇ ਸਮੇਂ ਤੋਂ ਪ੍ਰਭੂ ਯਿਸ਼ੂ ਨੇ ਇਕਦਮ ਪਵਿੱਤਰ ਆਤਮਾ ਦੀ ਸੇਵਿਕਾਈ ਸ਼ੁਰੂ ਕੀਤੀ ਜਿਹੜੀ ਉਸਦੇ ਜੀਵਨ ਰਾਹੀਂ ਇਤਿਹਾਸ ਵਿਚ ਇੱਕ ਨਵੀਂ ਚੀਜ਼ ਸੀ।

ਇਹ ਸ਼ਕਤੀ ਦੇਣ ਦਾ ਪੱਖ ਜੋ ਕਿ ਪਵਿੱਤਰ ਆਤਮਾ ਦੇ ਨਾਲ ਨਵੇਂ ਨਿਯਮ ਵਿੱਚ ਹੋਂਦ ਵਿੱਚ ਆਇਆ। ਭਾਵੇਂ ਕਿ ਨਵੇਂ ਨਿਯਮ ਵਿੱਚ ਪਵਿੱਤਰ ਆਤਮਾ ਨੇ ਵਿਸ਼ਵਾਸ਼ੀ ਦੀ ਜਿੰਦਗੀ ਵਿੱਚ ਇਕ ਮਹੱਤਤਾ ਭਰੀ ਜੋ ਉਸਨੂੰ ਇੱਕ ਖਾਸ ਕੰਮ ਤੋਂ ਵੀ ਪਰੇ ਲੈ ਗਈ। ਪ੍ਰਭੂ ਯਿਸ਼ੂ ਨੇ ਆਪਣੇ ਚੇਲਿਆਂ ਨੂੰ ਕਿਹਾ ਕਿ ਉਹ ਪਵਿੱਤਰ ਆਤਮਾ ਪ੍ਰਾਪਤ ਕਰਨਗੇ। ਜਦੋਂ ਉਹਨਾਂ ਉੱਪਰ ਪਵਿੱਤਰ ਆਤਮਾ ਦਾ ਵਾਸ ਹੋਵੇਗਾ ਉਹਨਾਂ ਨੂੰ ਮਹਾਨ ਕੰਮਾਂ ਵਾਸਤੇ ਸ਼ਕਤੀ ਦੇਵੇਗਾ। (ਰਸੂਲਾਂ ਦੇ ਕਰਤੱਬ 1:8)

## ਭਵਿੱਖਬਾਣੀਆਂ

ਨਵੇਂ ਨਿਯਮ ਵਿੱਚ ਪਵਿੱਤਰ ਆਤਮਾ ਦਾ ਵਿਸ਼ਵਾਸ਼ੀ ਉੱਪਰ ਆਣ ਦਾ ਚਮਤਕਾਰ ਬਗੈਰ ਘੋਸ਼ਣਾਂ ਨਹੀਂ ਸੀ। ਪ੍ਰਾਰੰਭਿਕ ਤਰੀਕਿਆਂ ਵਿੱਚੋਂ ਇੱਕ ਰਸਤਾ ਜਿਹੜਾ ਪੁਰਾਣੇ ਨਿਯਮ ਅਨੁਸਾਰ ਹੈ ਉਹ ਭਵਿੱਖਬਾਣੀ ਰਾਹੀਂ ਹੈ। ਬਹੁਤ ਸਾਰੀਆਂ ਭਵਿੱਖਬਾਣੀਆਂ ਜੋ ਕਿ ਪਵਿੱਤਰ ਆਤਮਾ ਦੇ ਆਣ ਬਾਰੇ ਪੁਰਾਣੇ ਨਿਯਮ ਵਿੱਚ ਅਤੇ ਪੈਗੰਬਰਾਂ ਬਾਰੇ ਹਨ ਅਸਾਧਾਰਣ ਹਨ ਅਤੇ ਉਹ ਨਬੀਆਂ ਰਾਹੀਂ ਆਈਆਂ ਸਨ।

ਪੈਗੈਗੰਬੰਬਰਾਂ ਰਾਹੀਂ "ਉਹ ਤਾਂ ਥਥਲੇ ਬੁੱਲ੍ਹਾਂ ਅਤੇ ਉੱਪਰੀ ਜੁਬਾਨ ਦੇ ਰਾਹੀਂ ਇਸ ਪਰਜਾ ਨਾਲ ਬੋਲੇਗਾ ਜਿਨ੍ਹਾਂ ਉਸ ਆਖਿਆ ਏਹ ਆਰਾਮ ਹੈ ਹੁੱਸੇ ਹੋਏ ਨੂੰ ਆਰਾਮ ਦਿਉ ਅਤੇ ਇਹ ਚੈਨ ਹੈ ਪਰ ਸੁਣਨਾ ਨਾ ਚਾਹਿਆ"। (ਯਸਾਯਾਹ 28:11-12)

"ਜਿੰਨਾ ਚਿੱਕੁਰ ਸਾਡੇ ਉੱਤੋਂ ਉੱਪਰੋਂ ਆਤਮਾ ਵਹਾਇਆ ਨਾ ਜਾਏ ਅਤੇ ਉਜਾੜ ਫਲਦਾਰ ਖੇਤ ਨਾ ਹੋ ਜਾਏ ਅਤੇ ਫਲਦਾਰ ਖੇਤ ਇਕ ਬਣ ਨਾ ਗਿਣਿਆ ਜਾਏ" (ਯਸਾਯਾਹ 32:15)

"ਮੈਂ ਤਾਂ ਤਿਹਾਈ ਜਮੀਨ ਉੱਤੇ ਪਾਣੀ ਅਤੇ ਸੁੱਕੀ ਸੜੀ ਭੌਂ ਉੱਤੇ ਨਦੀਆਂ ਵਹਾਵਾਂਗਾ ਮੈਂ ਆਪਣਾ ਆਤਮਾ ਤੇਰੀ ਅੰਸ ਉੱਤੇ ਅਤੇ ਤੇਰੀ ਸੰਤਾਨ ਉੱਤੇ ਆਪਣੀ ਬਰਕਤ ਵਹਾਵਾਂਗਾ"। (ਯਸਾਯਾਹ 44:3)

"ਇਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ ਦੇ ਇਸਰਾਇਲ ਦੇ ਘਰਾਣੇ ਨਾਲ ਬੱਨਾਂਗਾ, ਯਹੋਵਾਹ ਦਾ ਵਾਕ ਹੈ। ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਅੰਦਰ ਰੱਖਾਂਗਾ ਅਤੇ ਉਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਹਨਾਂ ਦਾ ਪ੍ਰਮੇਸ਼ਵਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ"। (ਯਿਰਮਿਯਾਹ 31:33)

"ਅਤੇ ਮੈਂ ਤੁਹਾਨੂੰ ਇਕ ਦਿਲ ਦਿਆਂਗਾ ਅਤੇ ਮੈਂ ਤੁਹਾਡੇ ਅੰਦਰ ਇਕ ਨਵੀਂ ਆਤਮਾ ਦਾ ਸੰਚਾਰ ਕਰਾਂਗਾ ਅਤੇ ਮੈਂ ਉਹਨਾਂ ਦੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਦਿਆਂਗਾ ਅਤੇ ਉਹਨਾਂ ਨੂੰ ਮਾਸ ਦਾ ਦਿਲ ਦਿਆਂਗਾ" (ਹਿਜ਼ਕੀਏਲ 11:19)

"ਅਤੇ ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ ਅਤੇ ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖਸ਼ਾਂਗਾ ਅਤੇ ਮੈਂ ਆਪਣਾ ਆਤਮਾ ਤੁਹਾਡੇ ਵਿੱਚ ਦਿਆਂਗਾ ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ ਅਤੇ ਤੁਸੀਂ ਮੇਰੇ ਨਿਆਵਾਂ ਦੀ ਪਾਲਣਾ ਕਰੋਗੇ ਅਤੇ ਉਹਨਾਂ ਤੇ ਅਮਲ ਕਰੋਗੇ"। (ਹਿਜ਼ਕੀਏਲ 36:26-27)

"ਅਤੇ ਹੇ ਮੇਰੇ ਲੋਕੋ, ਜਦੋਂ ਮੈਂ ਤੁਹਾਡੀਆਂ ਕਬਰਾਂ ਨੂੰ ਖੋਲਾਂਗਾ ਅਤੇ ਤੁਹਾਨੂੰ ਉਹਨਾਂ ਵਿੱਚੋਂ ਬਾਹਰ ਕੱਢਾਂਗਾ ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ ਅਤੇ ਮੈਂ ਆਪਣਾ ਆਤਮਾ ਤੁਹਾਡੇ ਵਿੱਚ ਪਾਵਾਂਗਾ ਅਤੇ ਤੁਸੀਂ ਜਿਉਂਦੇ ਹੋ ਜਾਵੋਗੇ ਅਤੇ ਮੈਂ ਤੁਹਾਡੀ ਭੂਮੀ ਉੱਤੇ ਵਸਾਵਾਂਗਾ, ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਨੇ ਫਰਮਾਇਆ ਅਤੇ ਮੈਂ ਹੀ ਪੂਰਾ ਕੀਤਾ, ਯਹੋਵਾਹ ਦਾ ਵਾਕ ਹੈ। (ਹਿਜ਼ਕੀਏਲ 37:13-14)

"ਇਹ ਦੇ ਮਗਰੋਂ ਐਉਂ ਹੋਵੇਗਾ ਕਿ ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ, ਅਤੇ ਤੁਹਾਡੇ ਪੁੱਤਰ ਅਰ ਤੁਹਾਡੀਆਂ ਧੀਆਂ ਅਗੰਮ ਵਾਕ ਕਰਨਗੇ। ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ, ਤੁਹਾਡੇ ਜੁਆਨ ਦਰਸ਼ਣ ਵੇਖਣਗੇ। ਨਾਲੇ ਮੈਂ ਦਾਸਾਂ ਅਰ ਦਾਸੀਆਂ ਉੱਤੇ ਉਨ੍ਹੀਂ ਦਿਨੀਂ ਆਪਣਾ ਆਤਮਾ ਵਹਾਵਾਂਗਾ"। (ਯੋਏਲ 2:28-29)

ਪੁਰਾਣੇ ਨਿਯਮ ਵਿੱਚ ਪਵਿੱਤਰ ਆਤਮਾ ਦੇ ਭਵਿੱਖ ਵਿੱਚ ਆਣ ਬਾਰੇ ਬਹੁਤ ਸਾਰੀਆਂ ਦਲੀਲਾਂ ਹੀ ਨਹੀਂ ਹਨ ਬਲਕਿ ਯੂਹੰਨਾ ਬਪਤਿਸਮਾ ਦੇਣ ਵਾਲਾ ਅਤੇ ਪ੍ਰਭੂ ਯਿਸ਼ੂ ਭੀ ਇਸ ਬਾਰੇ ਸਪੱਸ਼ਟ ਕਰਦੇ ਹਨ ਕਿ ਉਹ ਅੱਜ ਤੱਕ ਉਨ੍ਹਾਂ ਦੇ ਦਿਨ ਤੱਕ ਨਹੀਂ ਆਇਆ ਇਸਨੂੰ ਅਸੀਂ ਹੇਠ ਲਿਖੇ ਪੈਰ੍ਹਿਆਂ ਰਾਹੀਂ ਦੇਖ ਸਕਦੇ ਹਾਂ:

"ਮੈਂ ਤਾਂ ਤੁਹਾਨੂੰ ਤੋਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿੱਛੇ ਆਉਣ ਵਾਲਾ ਹੈ ਉਹ ਮੈਥੋਂ ਬਲਵੰਤ ਹੈ ਅਤੇ ਮੈਂ ਉਹਦੀ ਜੁੱਤੀ ਚੁੱਕਣ ਦੇ ਜੋਗ ਨਹੀਂ ਹਾਂ। ਉਹ ਤੁਹਾਨੂੰ ਪਵਿੱਤਰ ਆਤਮਾ ਤੇ ਅੱਗ ਨਾਲ ਬਪਤਿਸਮਾ ਦੇਉ"। (ਮਤਿ 3:11)

"ਪਿਛਲੇ ਦਿਨ ਜਿਹੜਾ ਤਿਉਹਾਰ ਦਾ ਵੱਡਾ ਦਿਨ ਸੀ ਯਿਸ਼ੂ ਖੜਾ ਹੋਇਆ ਅਤੇ ਉਚੀ ਬੋਲਿਆ, ਜੇ ਕੋਈ ਤਿਹਾਇਆ ਹੋਵੇ ਤਾਂ ਮੇਰੇ ਕੋਲ ਆਵੇ ਅਤੇ ਪੀਵੇ ਜੇ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹਦੇ ਅੰਦਰੋਂ ਵਗਣਗੀਆਂ। ਪਰ ਉਹਨੇ ਇਹ ਗੱਲ ਆਤਮਾ ਦੇ ਵਿਖੇ ਆਖੀ ਜਿਹੜਾ ਉਹਨਾਂ ਨੂੰ ਪ੍ਰਾਪਤ ਹੋਣਾ ਸੀ ਜਿਹਨਾਂ ਉੱਤੇ ਨਿਹਚਾ ਕੀਤੀ ਕਿਉਂ ਕਿ ਆਤਮਾ ਅਜੇ ਦਿੱਤਾ ਨਾ ਗਿਆ ਸੀ ਇਸ ਲਈ ਯਿਸ਼ੂ ਦਾ ਤੇਜ਼ ਅਜੇ ਪ੍ਰਕਾਸ਼ਮਾਨ ਨਹੀਂ ਹੋਇਆ ਸੀ। (ਯੂਹੰਨਾ 7:37-39)

"ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ ਅਰਥਾਤ ਸਚਿਆਈ ਦਾ ਆਤਮਾ ਜਿਹਨੂੰ ਜਗਤ ਨਹੀਂ ਪਾ ਸਕਦਾ ਕਿਉਂ ਜੋ ਉਹ ਉਸਨੂੰ ਵੇਖਦਾ ਨਹੀਂ, ਨਾ ਉਸ ਨੂੰ ਜਾਣਦਾ ਹੈ। ਤੁਸੀਂ ਉਸਨੂੰ ਜਾਣਦੇ ਹੋ ਕਿਉਂ ਕਿ ਉਹ ਤੁਹਾਡੇ ਸੰਗ ਰਹਿੰਦਾ ਹੈ ਅਰ ਤੁਹਾਡੇ ਵਿਚ ਹੋਵੇਗਾ। ਮੈਂ ਤੁਹਾਨੂੰ ਅਨਾਥ ਨਾ ਛੱਡਾਂਗਾ। ਮੈਂ ਤੁਹਾਡੇ ਕੋਲ ਆਵਾਂਗਾ। ਹੁਣ ਥੋੜੇ ਚਿਰ ਪਿੱਛੋਂ ਜਗਤ ਮੈਨੂੰ ਫੇਰ ਨਾ ਵੇਖੇਗਾ ਪਰ ਤੁਸੀਂ ਮੈ ਵੇਖੋਗੇ। ਇਸ ਕਰਕੇ ਮੈਂ ਜਿਉਂਦਾ ਹਾਂ ਤੁਸੀਂ ਵੀ ਜਿਉਗੇ"। (ਯੂਹੰਨਾ 14:16-19)

ਮੈਂ ਇਹ ਗੱਲਾਂ ਤੁਹਾਡੇ ਨਾਲ ਰਹਿੰਦਿਆਂ ਆਖੀਆਂ ਹਨ ਪਰ ਉਹ ਸਹਾਇਕ ਅਰਥਾਤ ਪਵਿੱਤਰ ਆਤਮਾ ਜਿਹਨੂੰ ਪਿਤਾ ਮੇਰੇ ਨਾਮ ਉੱਤੇ ਘੱਲੇਗਾ ਸੋ ਤੁਹਾਨੂੰ ਸੱਭੇ ਕੁਝ ਸਿਖਲਾਏਗਾ ਅਤੇ ਸੱਭੇ ਕੁਝ ਜੋ ਮੈਂ ਤੁਹਾਨੂੰ ਆਖਿਆ ਹੈ ਤੁਹਾਨੂੰ ਚੇਤੇ ਕਰਾਵੇਗਾ। (ਯੂਹੰਨਾ 14:25-26)

"ਭਈ ਉਹਨਾਂ ਧਿਗਾਨੇ ਮੇਰੇ ਨਾਲ ਵੈਰ ਕੀਤਾ ਪਰ ਜਾਂ ਉਹ ਸਹਾਇਕ ਆਵੇ ਜਿਹਨੂੰ ਮੈਂ ਤੁਹਾਡੇ ਕੋਲ ਪਿਤਾ ਦੀ ਵੱਲੋਂ ਘੱਲਾਂਗਾ। (ਯੂਹੰਨਾ 15:26)

"ਉਸ ਨੇ ਇਹ ਕਹਿ ਕੇ ਉਹਨਾਂ ਉੱਤੇ ਫੂਕ ਮਾਰੀ ਅਤੇ ਕਿਹਾ ਤੁਸੀਂ ਪਵਿੱਤਰ ਆਤਮਾ ਲਉ"। (ਯੂਹੰਨਾ 20:22)

"ਅਤੇ ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾ ਹਾਂ ਪਰ ਜਦ ਤੀਕੁਰ ਤੁਸੀਂ ਉੱਪਰੋਂ ਸ਼ਕਤੀ ਨਾ ਪਾਉ ਸ਼ਹਿਰ ਵਿੱਚ ਰਹੋ"। (ਲੂਕਾ 24:49)

ਉਨ੍ਹਾਂ ਦੇ ਨਾਲ ਇਕੱਠੇ ਹੋ ਕੇ ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ ਭਈ ਯਰੂਸ਼ਲਮ ਤੋਂ ਬਾਹਰ ਨਾ ਜਾਇਓ ਪਰ ਪਿਤਾ ਦੇ ਉਸ ਕਰਾਰ ਦੀ ਉਡੀਕ ਵਿੱਚ ਰਹੋ ਜਿਹ ਦੇ ਵਿਖੇ ਤੁਸਾਂ ਮੈਥੋਂ ਸੁਣਿਆ। ਕਿਉਂ ਜੋ ਯੂਹੰਨਾ ਨੇ ਤਾਂ ਪਾਣੀ ਨਾਲ ਬਪਤਿਸਮਾ ਦਿੱਤਾ ਪਰ ਥੋੜੇ ਦਿਨਾਂ ਪਿੱਛੋਂ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਜਾਵੇਗਾ। ਪਰ ਜਾਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ ਅਤੇ ਯਰੂਸ਼ਲਮ ਅਰ ਸਾਰੇ ਯਹੂਦਿਯਾ ਅਤੇ ਸਾਮਰਿਯਾ ਵਿੱਚ ਸਗੋਂ ਧਰਤੀ ਦੇ ਬੰਨੇ ਤੀਕੁਰ ਮੇਰੇ ਗਵਾਹ ਹੋਵੋਗੇ"। (ਰਸੂਲਾਂ ਦੇ ਕਰਤੱਬ 1:4-5, 8)

ਕਈ ਚੀਜ਼ਾਂ ਜੋ ਕਿ ਪੁਰਾਣੇ ਨਿਯਮ ਦੇ ਪੈਗੰਬਰੀ ਭਵਿੱਖਬਾਣੀ ਨਾਲ ਸੰਬੰਧਿਤ ਹਨ ਓਹਨਾ ਨੂ ਜਰੂਰ ਨੋਟ ਕਰ ਲੈਣਾ ਚਾਹੀਦਾ ਹੈ।

**ਸੰਪੂਰਨਤਾ ਦਾ ਸਮਾਂ:**

ਸਭ ਤੋਂ ਪਹਿਲਾਂ ਪਵਿੱਤਰ ਆਤਮਾ ਦੇ ਬਹਾਉ ਦਾ ਵਾਇਦਾ ਇਸਰਾਇਲੀ ਦੇਸ਼ ਦੇ ਲੋਕਾਂ ਨੂੰ ਦਿੱਤਾ ਗਿਆ ਜੋ ਕਿ ਪ੍ਰਮੇਸ਼ਵਰ ਦੇ ਨਿਵੇਕਲੇ ਲੋਕ ਸਨ। ਪੁਰਾਣੇ ਨਿਯਮ ਅਨੁਸਾਰ ਜਦਕਿ ਇਹ ਪੈਗੰਬਰੀ ਘੋਸ਼ਣਾ ਉਹਨਾਂ ਵਾਸਤੇ ਸੀ ਜੋ ਯਹੂਦੀ ਨਹੀਂ ਸਨ। (ਯੋਏਲ 2:28)

ਸਭ ਤੋਂ ਪਹਿਲਾਂ ਇਹ ਇਸਰਾਇਲ ਵਿੱਚ ਅਤੇ ਉਸ ਦੁਆਰਾ ਆਣ ਬਾਰੇ ਇਕ ਸ਼ਕਤੀਸ਼ਾਲੀ ਅਤੇ ਰਾਸ਼ਟਰੀ ਆਤਮਿਕ ਪੁਨਰ ਜੀਵਨ ਦੁਆਰਾ ਕੀਤੀ ਗਈ। (ਹਿਜ਼ਕੀਏਲ 37:1-14)

ਇਸਨੂੰ ਸਦੀਆਂ ਤੱਕ ਸ਼ਾਂਤੀ ਦੇ ਰਾਜ ਦੇ ਬਰਾਬਰ ਕਿਹਾ ਗਿਆ (ਹਿਜ਼ਕੀਏਲ 37:20-28) ਅਤੇ ਇਹ ਇਸਰਾਇਲ ਦੇਸ਼ ਦੇ ਨਾਲ ਸਿੱਧਾ ਸੰਬੰਧਿਤ ਸੀ ਅਤੇ ਆਧਿਆਤਮਿਕਤਾ ਦਾ ਪੁਨਰ ਜੀਵਨ ਸੀ। ਇਹ ਆਤਮਾ ਦੁਬਾਰਾ ਬਪਤਿਸਮੇ ਰਾਹੀਂ ਪੁਨਰ ਜੀਵਨ ਅਜੇ ਤੱਕ ਇਸਰਾਇਲ ਦੀ ਧਰਤੀ ਤੇ ਨਹੀਂ ਸੀ ਆਇਆ ਭਾਵੇਂ ਕਿ ਰਸੂਲ ਪੌਲੁਸ ਦੁਆਰਾ ਸਪੱਸ਼ਟ ਕਿਹਾ ਗਿਆ ਸੀ ਕਿ ਇਹ ਦੁਬਾਰਾ ਸ਼ੁਰੂ ਹੋਵੇਗਾ।

ਉਹ ਕਹਿੰਦਾ ਹੈ: “ਉੱਪਰੰਤ ਮੈਂ ਆਖਦਾ ਹਾਂ ਭਲਾ ਉਹਨਾਂ ਇਸ ਲਈ ਠੇਡਾ ਖਾਧਾ ਜੋ ਡਿੱਗ ਪੈਣ? ਕਦੇ ਨਹੀਂ ਸਗੋਂ ਓਹਨਾਂ ਦੀ ਭੁੱਲ ਦੇ ਕਾਰਣ ਪਰਾਈਆਂ ਕੌਮਾਂ ਨੂੰ ਮੁਕਤੀ ਪ੍ਰਾਪਤ ਹੋਈ ਭਈ ਓਹਨਾਂ ਨੂੰ ਅਣਖੀ ਬਣਾਵੇ। ਜੇ ਓਹਨਾਂ ਦੀ ਭੁੱਲ ਸੰਸਾਰ ਦਾ ਧਨ ਅਤੇ ਓਹਨਾਂ ਦਾ ਘਾਟਾ ਪਰਾਈਆਂ ਕੌਮਾਂ ਦਾ ਧਨ ਹੋਇਆ ਤਾਂ ਓਹਨਾਂ ਦੀ ਭਰਪੂਰੀ ਕੀ ਕੁਝ ਨਾ ਹੋਵੇਗੀ? ਪਰ ਮੈਂ ਤੁਸਾਂ ਪਰਾਈ ਕੌਮ ਵਾਲਿਆਂ ਨਾਲ ਬੋਲਦਾ ਹਾਂ ਫੇਰ ਮੈਂ ਜੋ ਪਰਾਈਆਂ ਕੌਮਾਂ ਦਾ ਰਸੂਲ ਹਾਂ ਮੈਂ ਆਪਣੀ ਸੇਵਾ ਦੀ ਵਡਿਆਈ ਕਰਦਾ ਹਾਂ। ਭਈ ਮੈਂ ਕਿਵੇਂ ਆਪਣੀ ਜੱਦ ਨੂੰ ਅਣਖੀ ਬਣਾਵਾਂ ਅਤੇ ਓਹਨਾਂ ਵਿੱਚੋਂ ਕਈਆਂ ਨੂੰ ਬਚਾਵਾਂ। ਕਿਉਂ ਕਿ ਜੇ ਓਹਨਾਂ ਦਾ ਰੱਦਣਾ ਸੰਸਾਰ ਦਾ ਮਿਲਾਪ ਹੋਇਆ ਤਾਂ ਓਹਨਾਂ ਦਾ ਕਬੂਲ ਕੀਤਾ ਜਾਣਾ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਬਿਨਾਂ ਹੋਰ ਕੀ ਹੋਵੇਗਾ”? (ਰੋਮਿਉ 11:11-15)

“ਹੁਣ ਹੇ ਭਰਾਵੋ ਕਿਤੇ ਐਉਂ ਨਾ ਹੋਵੇ ਜੋ ਤੁਸੀਂ ਆਪਣੀ ਜਾਚ ਵਿੱਚ ਸਿਆਣੇ ਬਣ ਕੇ ਬੈਠੋ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਸ ਭੇਤ ਤੋਂ ਅਣਜਾਣ ਨਾ ਰਹੋ ਭਈ ਕੁਝ ਕਠੋਰਤਾ ਇਸਰਾਇਲ ਉੱਤੇ ਆਣ ਪਈ ਹੈ ਅਤੇ ਪਈ ਰਹੇਗੀ ਜਿੰਨਾ ਚਿਰ ਪਰਾਈਆਂ ਕੌਮਾਂ ਦੀ ਭਰਪੂਰੀ ਨਾ ਹੋ ਲਵੇ। ਅਤੇ ਇਸੇ ਤਰ੍ਹਾਂ ਸਾਰਾ ਇਸਰਾਇਲ ਬਚ ਜਾਵੇਗਾ ਜਿਵੇਂ ਲਿਖਿਆ ਹੋਇਆ ਹੈ: ਇਸਰਾਇਲ ਦਾ ਛੁਡਾਉਣ ਵਾਲਾ ਸੀਯੋਨ ਤੋਂ ਨਿੱਕਲੇਗਾ, ਉਹ ਯਾਕੂਬ ਤੋਂ ਅਭਗਤੀ ਹਟਾਵੇਗਾ, ਅਤੇ ਓਹਨਾਂ ਦੇ ਨਾਲ ਮੇਰਾ ਇਹ ਨੇਮ ਹੋਵੇਗਾ, ਜਾਂ ਮੈਂ ਓਹਨਾਂ ਦੇ ਪਾਪ ਚੁੱਕ ਲੈ ਜਾਵਾਂਗਾ। ਅੰਜੀਲ ਦੇ ਅਨੁਸਾਰ ਓਹ ਤੁਹਾਡੇ ਕਾਰਣ ਵੈਰੀ ਹਨ ਪਰ ਚੋਣ ਦੇ ਅਨੁਸਾਰ ਵੱਡਿਆਂ ਦੇ ਕਾਰਣ ਪਿਆਰੇ ਹਨ। ਕਿਉਂ ਜੋ ਪਰਮੇਸ਼ੁਰ ਦੀਆਂ ਦਾਤਾਂ ਅਤੇ ਸੱਦਾ ਅਟੱਲ ਹਨ”। (ਰੋਮਿਉ 11:25-29)

“ਇਹ ਆਤਮਾ ਦਾ ਪੁਨਰ ਜੀਵਨ ਇਸਰਾਇਲ ਵਿੱਚ ਆਵੇਗਾ ਅਤੇ ਇਸਰਾਇਲ ਤੋਂ ਦੂਸਰੇ ਗੈਰ ਯਹੂਦੀਆਂ ਲਈ ਆਵੇਗਾ। (ਪਰਕਾਸ਼ ਦੀ ਪੋਥੀ 7:49)

“ਰਸੂਲ ਲੱਗਦਾ ਸੀ ਕਿ ਸਾਫ ਸਪੱਸ਼ਟ ਤੌਰ ਤੇ ਇਸਨੂੰ ਸਮਝਦੇ ਸਨ। ਕਿਉਂ ਕਿ ਜਦੋਂ ਪ੍ਰਭੂ ਯਿਸੂ ਨੇ ਵਿਸਥਾਰ ਪੂਰਵਕ ਸਮਝਾਇਆ ਕਿ ਉਹ ਪਵਿੱਤਰ ਆਤਮਾ ਪ੍ਰਾਪਤ ਕਰਨ ਜਾ ਰਹੇ ਹਨ ਬਹੁਤ ਦਿਨ ਦੂਰ ਨਹੀਂ”। (ਰਸੂਲਾਂ ਦੇ ਕਰਤੱਬ 1:4-5)

ਇਹ ਲੱਗਿਆ ਕਿ ਉਹਨਾਂ ਨੂੰ ਹੈਰਾਨੀ ਹੋਈ। ਉਹਨਾਂ ਨੇ ਇਸ ਪਵਿੱਤਰ ਆਤਮਾ ਦੇ ਬਹਾਉ ਇਸਰਾਇਲ ਦੇਸ਼ ਵਿੱਚ ਸਦੀਆਂ ਤੱਕ ਕਾਇਮ ਰਹਿਣਾ ਸਮਝਿਆ। ਕਿਉਂ ਕਿ ਪ੍ਰਭੂ ਯਿਸੂ ਨੇ ਕਿਹਾ ਸੀ ਤੁਸੀਂ ਪਵਿੱਤਰ ਆਤਮਾ ਰਾਹੀਂ ਬਪਤਿਸਮਾ ਪਾਉਗੇ ਉਹ ਦਿਨ ਬਹੁਤ ਦੂਰ ਨਹੀਂ। (ਰਸੂਲਾਂ ਦੇ ਕਰਤੱਬ 1:5)

“ਉਹਨਾਂ ਦਾ ਅਗਲਾ ਪ੍ਰਸ਼ਨ ਸੀ। ਹੇ ਪ੍ਰਮੇਸ਼ਵਰ ਕੀ ਇਸਰਾਇਲ ਦਾ ਰਾਜ ਦੁਬਾਰਾ ਸ਼ੁਰੂ ਹੋਵੇਗਾ”? (ਰਸੂਲਾਂ ਦੇ ਕਰਤੱਬ 1:6)

“ਇਹ ਉਪਰੋਕਤ ਘਟਨਾਵਾਂ ਦੀ ਪੈਗੰਬਰੀ ਲੜੀ ਉਹ ਰਾਹ ਸੀ ਜਿਸ ਨੂੰ ਇਸਰਾਇਲ ਦੇ ਧਰਮ ਸ਼ਾਸਤਰੀਆਂ ਨੇ ਇਸ ਤਰ੍ਹਾਂ ਸਮਝਿਆ। ਉਹਨਾਂ ਨੇ ਇਸਰਾਇਲ ਦੇ ਪੁਨਰ ਉਥਾਨ ਨੂੰ ਆਤਮਿਕ ਪੁਨਰ ਉਥਾਨ ਨਾਲ ਜੋੜ ਦਿੱਤਾ ਜਿਵੇਂ ਕਿ ਉਹਨਾਂ ਦੇ ਚੇਲਿਆਂ ਨੇ ਕੀਤਾ”। (ਰਸੂਲਾਂ ਦੇ ਕਰਤੱਬ 1:6)

“ਅਤੇ ਇਹਨਾਂ ਸਾਰੇ ਇਸ਼ਾਰਿਆਂ ਤੋ ਇਹ ਪੁਨਰ ਉਥਾਨ ਅਜੇ ਆਉਣਾ ਹੈ”। (ਰੋਮਿਉ 11:25) ਜਦਕਿ ਇਸਰਾਇਲ ਅੱਜ ਇਕ ਦੇਸ਼ ਹੈ। ਇਹ ਯਕੀਨੀ ਇਸਰਾਇਲ ਦੀ ਭੈਵਵਤਾ ਨਹੀਂ ਹੈ ਜਿਸ ਦੇ ਆਣ ਬਾਰੇ ਭਵਿੱਖ ਬਾਣੀ ਕੀਤੀ ਗਈ ਸੀ। ਇਸ ਤੋਂ ਇਲਾਵਾ ਇਹ ਇਸ ਤਰ੍ਹਾਂ ਨਹੀਂ ਹੋਵੇਗਾ ਜਦ ਤੱਕ ਉਹ ਪ੍ਰਭੂ ਯਿਸ਼ੂ ਨੂੰ ਆਪਣੇ ਮਸੀਹਾ ਦੇ ਰੂਪ ਵਿੱਚ ਲੱਭ ਨਹੀਂ ਲੈਂਦੇ ਅਤੇ ਸਵੀਕਾਰ ਨਹੀਂ ਕਰ ਲੈਂਦੇ।

ਇਹ ਉਜਾਗਰਤਾ ਬਦਲੇ ਵਿੱਚ ਉਸਦੀ ਪਵਿੱਤਰ ਆਤਮਾ ਨੂੰ ਸਵੀਕਾਰ ਕਰਨ ਵੱਲ ਲੈ ਜਾਵੇਗੀ ਜਿਸ ਬਾਰੇ ਪੁਰਾਣਾ ਨਿਯਮ ਕਹਿੰਦਾ ਹੈ ਕਿ ਉਹਨਾਂ ਉੱਪਰ ਪਵਿੱਤਰ ਆਤਮਾ ਦਾ ਬਹਾਉ ਹੋਵੇਗਾ। ਉਹਨਾਂ ਤੋਂ ਇਹ ਪੁਨਰ ਉਥਾਨ ਧਰਤੀ ਦੇ ਦੂਸਰੇ ਵਸਨੀਕਾਂ ਉੱਪਰ ਹੋਵੇਗਾ ਅਤੇ ਉਹ ਆਪਣਾ ਵਚਨ ਪੂਰਾ ਕਰੇਗਾ। (ਯੋਏਲ 2:28) ਜਿਹੜਾ ਕਿ ਪੁਰਾਣੇ ਨਿਯਮ ਦੇ ਪੈਗੰਬਰਾਂ ਨੇ ਨਹੀਂ ਸੀ ਦੇਖਿਆ ਉਹ ਸੀ ਇਸਰਾਇਲ ਦੇ ਆਤਮਿਕ ਭੈਵਵਤਾ ਅਤੇ ਰਾਸ਼ਟਰੀ ਨਵੀਨੀਕਰਣ ਤੋਂ ਪਹਿਲਾਂ ਦਾ ਸਮਾ। ਉਸੇ ਸਮੇਂ ਨੂੰ ਮੰਨਣਾ ਪਵੇਗਾ ਜਿਸ ਬਾਰੇ ਦਾਨਿਅਲ ਕਹਿੰਦਾ ਹੈ। ਤਬਾਹੀ ਯਕੀਨੀ ਹੈ (ਦਾਨਿਅਲ 9:26), ਅਤੇ ਇਹ ਉਹ ਸਮਾਂ ਸੀ ਜਦੋਂ ਪ੍ਰਭੂ ਯਿਸ਼ ਮਸੀਹ ਨਾਜ਼ਰਥ ਤੋਂ ਉਹਨਾਂ ਕੋਲ ਆਇਆ। ਪ੍ਰਭੂ ਯਿਸ਼ੂ ਨੇ ਖੁਦ ਉਹਨਾਂ ਦੀ ਅਗਿਆਨਤਾ ਅਤੇ ਤਬਾਹੀ ਨੂੰ ਮੰਨਿਆ।

ਯਰੂਸ਼ਲਮ ਦੇ ਸ਼ਹਿਰ ਨੂੰ ਟੁੱਟੇ ਦਿਲ ਨਾਲ ਦੇਖਦਿਆਂ ਉਸਨੇ ਕਿਹਾ, “ਕਾਸ਼ ਕਿ ਤੂੰ ਅੱਜ ਸ਼ਾਂਤੀ ਦੀਆਂ ਗੱਲਾਂ ਜਾਣਦਾ ਪਰ ਹੁਣ ਓਹ ਤੇਰੀਆਂ ਅੱਖੀਆਂ ਤੋਂ ਲੁਕੀਆਂ ਹੋਈਆਂ ਹਨ। ਕਿਉਂ ਕਿ ਓਹ ਦਿਨ ਤੇਰੇ ਉੱਤੇ ਆਉਣਗੇ ਜਾ ਤੇਰੇ ਵੈਰੀ ਤੇਰੇ ਗਿਰਦੇ ਮੋਰਚਾ ਬੰਨ੍ਹਣਗੇ ਅਤੇ ਤੈਨੂੰ ਘੇਰ ਲੈਣਗੇ ਅਤੇ ਚੁਫੇਰਿਓਂ ਤੈਨੂੰ ਰੋਕਣਗੇ। ਅਰ ਤੇਰੇ ਬੱਚਿਆਂ ਸਣੇ ਜੋ ਤੇਰੇ ਵਿੱਚ ਹਨ ਤੈਨੂੰ ਧਰਤੀ ਉੱਤੇ ਪਟਕਾ ਦੇਣਗੇ ਅਰ ਤੇਰੇ ਵਿੱਚ ਪੱਥਰ ਉੱਤੇ ਪੱਥਰ ਨਾ ਛੱਡਣਗੇ ਇਸ ਲਈ ਜੋ ਤੈਂ ਆਪਣੀ ਭਲਿਆਈ ਦੇ ਮੌਕੇ ਨੂੰ ਨਾ ਜਾਣਿਆ”। (ਲੂਕਾ 19:42-44)

ਇਸ ਅਸਵੀਕਰਿਤੀ ਤੋਂ ਤਿੰਨ ਘਟਾਨਵਾਂ ਹੋਈਆਂ। ਪਹਿਲੀ ਇਸਰਾਇਲ ਵਿੱਚ ਰੁਹਾਨੀ ਅੰਨਾਂਪਨ ਹੋਇਆ। (ਰੋਮਿਉ 11:7-10, 25)

ਦੂਸਰੇ ਪ੍ਰਮੇਸ਼ਵਰ ਨੇ ਇਸਰਾਇਲ ਦੀ ਨਿਵੇਕਲਤਾ ਦੀ ਸਥਿਤੀ ਪਰੇ ਕਰ ਦਿੱਤਾ। ਉਹਨਾਂ ਨੇ ਅਵਿਸ਼ਵਾਸ਼ ਕਾਰਣ ਅਤੇ ਬਾਕੀ ਸਾਰੀ ਦੁਨੀਆਂ ਨੂੰ ਆਪਣੇ ਆਸ਼ੀਰਵਾਦ ਲਈ ਬੁਲਾਇਆ। ਜਿਸਨੂੰ ਇਸਰਾਇਲ ਨੇ ਠੁਕਰਾ ਦਿੱਤਾ । (ਲੂਕਾ 14:16-24)

ਇਸ ਸਮੇਂ, 'ਜਿਸ ਵਿੱਚ ਕੁਦਰਤੀ ਇਸਰਾਇਲ ਟੁੱਟ ਗਿਆ' (ਰੋਮਿਉ 11:20) ਅਤੇ ਗੈਰ ਯਹੂਦੀਆਂ ਦਾ ਸਵਾਗਤ ਕੀਤਾ ਗਿਆ ਜਿਸਨੂੰ 'ਗੈਰ ਯਹੂਦੀਆਂ ਦੀ ਸੰਪੂਰਣਤਾ' ਕਿਹਾ ਗਿਆ ਹੈ (ਰੋਮਿਉ 11:25) ਅਤੇ ਉਸ ਸਮੇਂ ਕਿਵੇਂ ਪ੍ਰਮੇਸ਼ਵਰ ਗੈਰ ਯਹੂਦੀਆਂ ਕੋਲ ਗਿਆ ਤਾਂ ਕਿ ਉਹਨਾਂ ਵਿੱਚ ਉਸ ਵਿਅਕਤੀ ਨੂੰ ਆਪਣੇ ਨਾਮ ਤੇ ਲੈ ਸਕੇ। (ਰਸੂਲਾਂ ਦੇ ਕਰਤੱਬ 15:14)

ਇਸ ਸਮੇਂ ਤੋਂ ਬਾਦ ਇਹ ਕਿਹਾ ਗਿਆ ਹੈ - ਇਹ ਦੇ ਪਿੱਛੋਂ ਮੈਂ ਮੁੜ ਆਵਾਂਗਾ, ਅਤੇ ਦਾਊਦ ਦੇ ਡਿੱਗੇ ਹੋਏ ਡੇਰੇਂ ਨੂੰ ਬਣਾਵਾਂਗਾ, ਅਤੇ ਉਹ ਦੇ ਖੋਲੇ ਨੂੰ ਫੇਰ ਬਣਾ ਕੇ ਖੜ੍ਹਾ ਕਰਾਂਗਾ, ਤਾਂ ਜੋ ਬਾਕੀ ਦੇ ਆਦਮੀ ਅਰਥਾਤ ਸਾਰੀਆਂ ਪਰਾਈਆਂ ਕੌਮਾਂ ਜੋ ਮੇਰੇ ਨਾਮ ਦੇ ਸਦਾਉਂਦੇ ਹਨ ਪ੍ਰਭੂ ਨੂੰ ਭਾਲਣ। (ਰਸੂਲਾਂ ਦੇ ਕਰਤੱਬ 15:16-17)

ਤੀਸਰੇ ਯਹੂਦੀਆਂ ਦਾ ਇਕ ਬਹੁਤ ਛੋਟਾ ਸਮੂਹ ਰਹਿ ਗਿਆ ਜੋ ਇਸ ਤੋਂ ਜਾਣੂ ਸੀ ਕਿ ਕੀ ਹੋ ਰਿਹਾ ਹੈ। ਉਹ ਪ੍ਰਮਾਤਮਾ ਤੋਂ ਅਲੱਗ ਨਹੀਂ ਹੋਏ ਕਿਉਂ ਕਿ ਉਹਨਾਂ ਨੂੰ ਪ੍ਰਭੂ ਯਿਸ਼ੂ ਮਸੀਹਾ ਵਿੱਚ ਵਿਸ਼ਵਾਸ਼ ਸੀ। ਨਤੀਜਨ ਉਹਨਾਂ ਨੇ ਵੀ ਗੈਰ ਯਹੂਦੀਆਂ ਨਾਲ ਪਵਿੱਤਰ ਆਤਮਾ ਤੋਂ ਬਪਤਿਸਮਾ ਲਿਆ। ਇਸ ਸਮੂਹ ਨੂੰ ਸੰਤ ਪੋਲੁਸ ਨੇ ਬਕੀਆ ਕਿਹਾ ਹੈ। (ਰੋਮਿਉ 9:27) ਇਕ ਬੀਜ (ਰੋਮਿਉ 9:29) ਅਤੇ ਸਾਰੇ ਯਹੂਦੀ ਵਿਸ਼ਵਾਸ਼ੀਆਂ ਨੂੰ ਜੋ ਚਰਚ ਦਾ ਹਿੱਸਾ ਹਨ।

ਇਹ ਯਹੂਦੀਆਂ ਦਾ ਬਚਿਆ ਸਮੂਹ ਅਤੇ ਗੈਰ ਯਹੂਦੀ ਵਿਸ਼ਵਾਸ਼ੀ ਜਿਹਨਾਂ ਨੇ ਪ੍ਰਭੂ ਯਿਸ਼ੂ ਦੀ ਸੱਤਾ ਨੂੰ ਪ੍ਰਵਾਨ ਕੀਤਾ ਅਤੇ ਉਸਦੀ ਆਤਮਾ ਨਾਲ ਭਰ ਗਏ।

**ਇਕ ਨਿਵੇਕਲਾ ਸਮੂਹ ਜਿਸਨੂੰ ਚਰਚ ਕਿਹਾ, ਇਹ ਉਹ ਸਨ ਜਿਹਨਾਂ ਨੂੰ ਸੰਬੋਧਿਤ ਕਰਦੇ ਕਿਹਾ**

"ਅਤੇ ਮੈਂ ਵੀ ਤੈਨੂੰ ਜੋ ਤੂੰ ਪਤਰਸ ਹੈ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਯਾ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਓਹਦੇ ਉੱਤੇ ਕੁਝ ਵੱਸ ਨਾ ਚੱਲੇਗਾ "। (ਮਤਿ 16:18)

# ਨਵੇਂ ਨਿਯਮ ਵਿੱਚ ਪਵਿੱਤਰ ਆਤਮਾ (3)

## ਪ੍ਰਭੂ ਯਿਸ਼ੂ ਦੀ ਆਤਮਾ

ਪਵਿੱਤਰ ਆਤਮਾ ਦੇ ਰੂਪ ਵਿਚ ਮਸੀਹ ਸਾਡੇ ਅੰਦਰ ਵਸਦਾ ਹੈ। ਸਰਵਵਿਆਪੀ ਆਤਮਾ ਪ੍ਰਭੂ ਯਿਸ਼ੂ ਮਸੀਹ ਦਾ ਹੀ ਇਤਿਹਾਸਿਕ ਰੂਪ ਹੈ। ਆਤਮਾ ਰਾਹੀਂ ਅਸੀਂ ਮਸੀਹ ਵਿਚ ਹਾਂ ਅਤੇ ਮਸੀਹ ਸਾਡੇ ਵਿਚ ਵਸਦਾ ਹੈ। ਰਸੂਲ ਪੌਲੁਸ ਕਹਿੰਦਾ ਹੈ ਕਿ ਸਾਡੇ ਅੰਦਰ ਰੂਹਾਨੀ ਵਸਿੰਦਾ ਪ੍ਰਭੂ ਯਿਸ਼ੂ ਮਸੀਹ ਅਰਥਾਤ ਉਸਦਾ ਆਤਮਾ ਹੈ। 'ਯਿਸ਼ੂ ਮਸੀਹ' ਅਦਿੱਖ ਪਰਮੇਸ਼ਵਰ ਦਾ ਪ੍ਰਗਟ ਰੂਪ ਹੈ।

"ਅਸਾਂ ਸਭਨਾ ਨੂੰ ਕਿਆ ਗੁਲਾਮ ਅਤੇ ਕਿਆ ਆਜ਼ਾਦ ਇੱਕ ਸਰੀਰ ਬਣਨ ਦੇ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਸਭਨਾ ਨੂੰ ਇੱਕ ਆਤਮਾ ਪਿਆਇਆ ਗਿਆ" (1 ਕੁਰਨਥੀਆਂ 12:13)

ਅਤੇ ਉਹ ਯਿਸ਼ੂ ਮਸੀਹ ਦਾ ਆਤਮਾ ਹੈ। ਜਿਥੇ ਕਿਤੇ ਪ੍ਰਭੂ ਦਾ ਆਤਮਾ ਹੈ ਉਥੇ ਆਜ਼ਾਦੀ ਹੈ। (2 ਕੁਰਨਥੀਆਂ 3:17) ਇਸ ਵਿਸ਼ੇ ਤੇ ਰੋਮੀਓ 8:11 ਭੀ ਪੜੋ

ਜਿਵੇਂ ਅਸੀਂ ਦੇਖ ਚੁੱਕੇ ਹਾਂ ਕਿ ਪੁਰਾਣੇ ਨਿਯਮ ਅਤੇ ਨਵੇਂ ਨਿਯਮ ਵਿਚ ਪਵਿੱਤਰ ਆਤਮਾ ਦੇ ਰੁਤਵੇ ਅਤੇ ਕੱਮਾ ਵਿਚ ਬਹੁਤ ਅੰਤਰ ਹੈ। ਰਸੂਲ ਯੁਹੰਨਾ ਨੇ ਤਾਂ ਇਥੋਂ ਤੱਕ ਕਹਿ ਦਿੱਤਾ "ਪਵਿੱਤਰ ਆਤਮਾ ਅਜੇ ਦਿੱਤਾ ਨਹੀਂ ਗਿਆ ਸੀ"। (ਯੁਹੰਨਾ 7:39) ਇਸ ਨੂੰ ਨਜ਼ਦੀਕੀ ਨਾਲ ਦੇਖਣ ਤੇ ਇਹ ਸਮਝਣਾ ਔਖਾ ਨਹੀਂ ਕਿ ਪ੍ਰਭੂ ਯਿਸ਼ੂ ਮਸੀਹ ਅਤੇ ਰਸੂਲ ਯੁਹੰਨਾ ਦੋਵੇਂ ਪਵਿੱਤਰ ਆਤਮਾ ਦੇ ਵਾਰੇ ਕਹਿ ਰਹੇ ਹਨ ਅਤੇ ਉਹੋ "ਪਵਿੱਤਰ ਆਤਮਾ" ਯਿਸ਼ੂ ਦੇ ਸੁਰਗ ਵਿਚ ਉੱਠ ਜਾਣ ਤੋਂ ਬਾਦ ਹੀ ਦਿੱਤਾ ਜਾਣਾ ਸੀ।

ਪੁਰਾਣੇ ਨਿਯਮ ਅਤੇ ਨਵੇਂ ਨਿਯਮ ਵਿਚ ਪਰਮੇਸ਼ਵਰ ਦੇ ਆਤਮਾ ਦਾ ਮੁਢਲਾ ਅੰਤਰ ਇਸ ਤਰਾਂ ਹੈ ਕਿ ਪੁਰਾਣੇ ਨਿਯਮ ਵਿਚ ਪਰਮੇਸ਼ਵਰ ਦੀ ਸ਼ਕਤੀ ਅਸਥਾਈ ਸੀ ਅਤੇ ਉਹ ਮੱਸਾ ਕੀਤੇ ਹੋਏ ਮਨੁੱਖ ਵਿਚ ਬਾਹਰੀ ਤਬਦੀਲੀ ਹੀ ਲਿਆਉਂਦੀ ਸੀ ਅਤੇ ਉਹ ਦਾ ਅੰਦਰੂਨੀ ਰੂਪ ਉਸੇ ਤਰਾਂ ਬਣਿਆ ਰਹਿੰਦਾ ਸੀ। ਪਰ ਇਸਦੇ ਉਲਟ ਨਵੇਂ ਨਿਯਮ ਵਿਚ ਪਵਿੱਤਰ ਆਤਮਾ ਦਾ ਮੱਸਾ ਮਨੁੱਖ ਨੂੰ ਪੂਰੀ ਤਰਾਂ ਆਤਮਕ ਬਣਾ ਦਿੰਦਾ ਹੈ।

## ਪਵਿੱਤਰ ਆਤਮਾ ਦਾ ਬਪਤਿਸਮਾ

ਯੁਹੰਨਾ ਬਪਤਿਸਮਾ ਦੇਣ ਵਾਲਾ ਜਦੋਂ ਖੁਦ ਦੀ ਤੁਲਨਾ ਯਿਸ਼ੂ ਨਾਲ ਕਰਦਾ ਹੈ ਤਾਂ ਕਹਿੰਦਾ ਹੈ, "ਮੈਂ ਤਾਂ ਤੁਹਾਨੂੰ ਤੋਬਾ ਦੇ ਲਈ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪਰ ਜਿਹੜਾ ਮੇਰੇ ਪਿੱਛੋਂ ਆਉਣ ਵਾਲਾ ਹੈ ਉਹ ਮੇਰੇ ਤੋਂ ਸ਼ਕਤੀਵਾਨ ਹੈ ਅਤੇ ਮੈਂ ਉਹਦੀ ਜੁੱਤੀ ਚੁੱਕਣ ਦੇ ਯੋਗ ਨਹੀਂ ਹਾਂ। ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਵੇਗਾ। ( ਮਤਿ 3:11)

ਯੁਹੰਨਾ ਦੇ ਅਨੁਸਾਰ ਮਸੀਹ ਦਾ ਮੁਢਲਾ ਮਿਸ਼ਨ ਇਹ ਹੋਵੇਗਾ ਕਿ ਉਹ ਤੁਹਾਨੂੰ ਪਰਮੇਸ਼ਵਰ ਦੇ ਆਤਮਾ ਰਾਹੀਂ ਪਰਮੇਸ਼ਵਰ ਦੇ ਰਾਜ ਵਿਚ ਵੜਨ ਦੇ ਯੋਗ ਬਣਾਵੇਗਾ। ਮਸੀਹ ਨੇ ਨਿਕਦੀਮਸ ਨਾਲ ਗੱਲ ਕਰਦਿਆਂ ਹੋਇਆਂ ਉਸਨੂੰ ਪਰਮੇਸ਼ਵਰ ਦੇ ਰਾਜ ਵਿਚ ਵੜਨ ਦਾ ਇਹੋ ਹੀ ਇੱਕੋ ਇੱਕ ਸਾਧਨ ਦੱਸਿਆ। (ਯੁਹੰਨਾ 3:3)

ਮਸੀਹ ਨੇ ਰੂਹਾਨੀ ਜੀਵਨ ਜਿਉਣ ਅਤੇ ਪਰਮੇਸ਼ਵਰ ਦੇ ਰਾਜ ਵਿਚ ਵੜਨ ਦੇ ਲਈ ਕਈ ਤਰਾਂ ਦੇ ਅਨੁਸ਼ਾਸ਼ਨ ਭੀ ਦੱਸੇ। ਇਹ ਮਸੀਹ ਦਾ ਪ੍ਰਕਾਸ਼ ਜੱਗ ਦੀਆਂ ਅੱਖਾਂ ਖੋਲਣ ਦਾ ਕੱਮ ਕਰਦਾ ਹੈ ਅਤੇ ਜਿਹੜੇ ਉਸ ਵਲ ਮੁੜ ਜਾਂਦੇ ਹਨ ਉਹਨਾਂ ਨੂੰ ਮਸੀਹ ਆਪਣੀ ਪਵਿੱਤਰ ਆਤਮਾ ਦੀ ਸ਼ਕਤੀ ਭੀ ਬਖਸ਼ਦਾ ਹੈ।

# ਪਵਿੱਤਰ ਆਤਮਾ ਦਾ ਮਨੁੱਖ ਉੱਪਰ ਆਉਣਾ ਅਤੇ ਮਨੁੱਖ ਦਾ ਨਵਾਂ ਜਨਮ (4)

## ਪਵਿੱਤਰ ਆਤਮਾ ਦੀ ਕੀ ਲੋੜ ਹੈ

ਯੀਸ਼ੂ ਨੇ ਕਿਹਾ ਕਿ ਮਨੁੱਖ ਨੂੰ ਪਵਿੱਤਰ ਆਤਮਾ ਰਾਹੀਂ ਨਵਾਂ ਜਨਮ ਲੈਣਾ ਜਰੂਰੀ ਹੈ ਕਿਉਂ ਕਿ ਇਸ ਤੋਂ ਪਹਿਲੋਂ ਮਨੁੱਖ ਦੀ ਆਤਮਾ ਪਾਪ ਦੇ ਕਾਰਣ ਅਤੇ ਰੱਬ ਦੇ ਹੁਕਮਾਂ ਨੂੰ ਨਾ ਮੰਨਣ ਦੇ ਕਾਰਣ ਅਪਵਿੱਤਰ ਹੋ ਕੇ ਮਰ ਚੁੱਕੀ ਹੈ। ਦੂਜੇ ਵਚਨ ਦੱਸਦੇ ਹਨ ਕਿ ਮਨੁੱਖ ਮੁੱਢ ਵਿੱਚ ਆਤਮਿਕ ਰੂਪ ਵਿੱਚ ਜ਼ਿੰਦਾ ਸੀ ਅਤੇ ਉਹ ਰੱਬ ਨਾਲ ਸੰਗਤ ਕਰਦਾ ਸੀ। ਮਨੁੱਖ ਨੇ ਰੱਬ ਦੇ ਹੁਕਮ ਨੂੰ ਨਾ ਮੰਨਿਆ ਅਤੇ ਉਹ ਪਾਪ ਵਿੱਚ ਡਿੱਗ ਪਿਆ। (ਉਤਪਤੀ ਦੀ ਪੁਸਤਕ 3:17)

ਇਸ ਤਰ੍ਹਾਂ ਉਹ ਰੂਹਾਨੀਅਤ ਵਿੱਚ ਮਰ ਗਿਆ ਅਰਥਾਤ ਉਹ ਰੱਬ ਤੋਂ ਵਿਛੜ ਗਿਆ। ਉਹ ਚਾਨਣ ਤੋਂ ਵੱਖਰਾ ਹੋ ਕੇ ਹਨ੍ਹੇਰੇ ਵਿੱਚ ਚਲਾ ਗਿਆ। ਦੋਵਾਰਾ ਜਨਮ ਲੈਣ ਨਾਲ ਉਸ ਨੂੰ ਰੂਹਾਨੀ ਜੀਵਨ ਮਿਲ ਜਾਂਦਾ ਹੈ। ਪੁਰਾਣੇ ਨਿਯਮ ਵਿੱਚ ਅਸੀਂ ਦੇਖਦੇ ਹਾਂ ਕਿ ਜਦ ਪਵਿੱਤਰ ਆਤਮਾ ਮਨੁੱਖ ਉੱਪਰ ਆਇਆ ਉਸ ਨਾਲ ਮਨੁੱਖਾਂ ਦਾ ਸੁਭਾਅ ਨਹੀਂ ਬਦਲਿਆ ਪਰ ਜਦੋਂ ਚਰਚ ਦੇ ਜਨਮ ਦੇ ਸਮੇਂ ਪਵਿੱਤਰ ਆਤਮਾ 120 ਲੋਕਾਂ ਉੱਪਰ ਆਇਆ ਉਹਨਾਂ ਵਿੱਚ ਪੂਰਣ ਰੂਪ ਵਿੱਚ ਤਬਦੀਲੀ ਆ ਗਈ ਜੋ ਕਿ ਪਹਿਲੋਂ ਕਦੀ ਵੀ ਨਹੀਂ ਸੀ ਹੋਇਆ। ਉਹਨਾਂ ਲੋਕਾਂ ਵਿੱਚ ਕੁਝ ਟੁੱਟਿਆ ਜਿਸ ਰਾਹੀਂ ਉਹਨਾ ਦੀ ਮਨੁੱਖੀ ਰੂਹ ਪੂਰੀ ਤਰ੍ਹਾਂ ਬਦਲ ਗਈ ਕਿਉਂ ਕਿ ਉਹਨਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲ ਗਿਆ ਸੀ। ਜਦੋਂ ਅਦਨ ਦੇ ਬਾਗ ਵਿੱਚ ਆਦਮ ਅਤੇ ਹੱਵਾ ਨੇ ਰੱਬ ਦਾ ਹੁਕਮ ਨਾ ਮੰਨ ਕੇ ਪਾਪ ਕੀਤਾ ਸੀ ਉਸ ਤੋਂ ਬਾਦ ਇਹ ਪਹਿਲਾ ਮੌਕਾ ਸੀ ਜਦੋਂ ਮਨੁੱਖ ਉੱਪਰ ਪਵਿੱਤਰ ਆਤਮਾ ਆਇਆ। ਇਸ ਤਰ੍ਹਾਂ ਮਨੁੱਖ ਦਾ ਰੂਹਾਨੀ ਜਨਮ ਹੋਇਆ ਅਤੇ ਉਹ ਰੂਹਾਨੀਅਤ ਵਿੱਚ ਜ਼ਿੰਦਾ ਹੋਇਆ।

ਇਹ ਸਿਰਫ ਪ੍ਰਮੇਸ਼ਵਰ ਦੇ ਆਤਮਾ ਦਾ ਕਿਸੇ ਉੱਪਰ ਜਾਂ ਕਿਸੇ ਵਿੱਚ ਆਣ ਤੋਂ ਹੋਰ ਜਿਆਦਾ ਸੀ। ਇਹ ਮਨੁੱਖ ਦਾ ਆਤਮਾ ਸੀ ਜਿਸ ਦਾ ਆਦਮ ਤੋਂ ਬਾਦ ਪਹਿਲੀ ਵਾਰ ਆਣਾ ਹੋਇਆ ਅਤੇ ਉਹ ਦੁਬਾਰਾ ਜਿੰਦਾ ਹੋਇਆ। ਪੈਂਟੀਕੋਸਟ ਤੱਕ, ਮਨੁੱਖ, ਮਰਿਆ ਹੋਇਆ ਚਲਦਾ ਸੀ। ਮਨੁੱਖੀ ਆਤਮਾ ਮਰੀ ਹੋਈ ਸੀ, ਜਿੰਦਗੀ ਤੋਂ ਅਲੱਗ ਹੋਈ ਸੀ। ਪ੍ਰੂੂ ਪੂਰਣ ਮਨੁੱਖ (ਪ੍ਰਭੂ ਯਿਸ਼ੂ) ਦੀ ਜਿੱਤ ਤੋਂ ਬਾਦ ਉਹਨਾਂ ਨੇ ਨਵੀਂ ਸਰਿਸ਼ਟ ਦੀ ਸ਼ੁਰੂਆਤ ਕੀਤੀ ਅਤੇ ਆਪਣੇ ਭਰਾਵਾਂ ਲਈ ਜਿੰਦਗੀ ਦਾ ਰਾਹ ਖੋਹਲਿਆ (ਇਬਰਾਨੀਆਂ 2:9-13) ਹੁਣ ਵਿਸ਼ਵਾਸ਼ੀ ਨਵੀਂ ਸਰਿਸ਼ਟ ਹਨ।

“ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਉਹ ਨਵੀਂਆਂ ਹੋ ਗਈਆਂ ਹਨ”। (2 ਕੁਰੰਥੀਆਂ 5:17)

ਪਰ ਜਿੱਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਹਨਾਂ ਨੂੰ ਪਰਮੇਸ਼ੁਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਹਨਾਂ ਨੇ ਉਸਦੇ ਨਾਮ ਉੱਤੇ ਨਿਹਚਾ ਕੀਤੀ ਉਹ ਨਾਂ ਲਹੂ ਤੋਂ, ਨਾ ਸਰੀਰ ਦੀ ਇੱਛਿਆ ਤੋਂ, ਨਾ ਪੁਰਖ ਦੀ ਇੱਛਿਆ ਤੋਂ, ਪਰ ਪਰਮੇਸ਼ੁਰ ਤੋਂ ਪੈਦਾ ਹੋਏ। (ਯੂਹੰਨਾ 1:12-13)

“ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ੁਰ ਦੇ ਬਾਲਕ ਸਦਾਈਏ ਅਤੇ ਏਹੋ ਅਸੀਂ ਹਾਂ ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ।

ਹੇ ਪਿਆਰਿਓ, ਅਸੀਂ ਹੁਣ ਪਰਮੇਸ਼ੁਰ ਦੇ ਬਾਲਕ ਹਾਂ ਅਤੇ ਅਜੇ ਇਹ ਪਰਗਟ ਨਹੀਂ ਹੋਇਆ ਭਈ ਅਸੀਂ ਕੀ ਕੁਝ ਹੋਵਾਂਗੇ ਅਸੀਂ ਇਹ ਜਾਣਦੇ ਹਾਂ ਜਦ ਉਹ ਪਰਗਟ ਹੋਵੇਗਾ ਤਾਂ ਅਸੀਂ ਉਹ ਦੇ ਵਰਗੇ ਹੋਵਾਂਗੇ ਕਿਉਂ ਜੋ ਉਹ ਜਿਹਾ ਹੈ ਤਿਹਾ ਹੀ ਉਹਨੂੰ ਵੇਖਾਂਗੇ"। (1ਯੂਹੰਨਾ 3:1-2)

ਜਿਵੇਂ ਉਸ ਇੱਕ ਮਨੁੱਖ ਦੀ ਅਣਆਗਿਆਕਾਰੀ ਦੇ ਕਾਰਣ ਸਾਰੇ ਲੋਕ ਪਾਪੀ ਠਹਰਾਏ ਗਏ, ਉਸੇ ਤਰਾਂ ਇਸ ਇੱਕ ਦੀ ਅਗਿਕਰੀ ਦੇ ਕਾਰਣ ਭੀ ਬਹੁਤੇ ਧਰਮੀ ਠਹਿਰਾਏ ਜਾਣਗੇ। (ਰੋਮਿਉ 5:19)

ਇਹ ਭੀ ਸੰਭਵ ਹੈ ਕਿ ਪ੍ਰਭੂ ਯਿਸ਼ੂ ਨੇ ਯੂਹੰਨਾ 14:23 ਵਿੱਚ ਭੀ ਇਹੋ ਹੀ ਕਿਹਾ ਹੋਵੇ।

"ਯਿਸ਼ੂ ਨੇ ਉਹ ਨੂੰ ਉੱਤਰ ਦਿੱਤਾ ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਵਚਨ ਦੀ ਪਾਲਣਾ ਕਰੇਗਾ ਅਤੇ ਮੇਰਾ ਪਿਤਾ ਉਹਨੂੰ ਪਿਆਰ ਕਰੇਗਾ ਅਤੇ ਅਸੀਂ ਉਹਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ"। (ਯੂਹੰਨਾ 14:23)

ਅਸੀਂ ਇਹ ਵਿਸ਼ਵਾਸ਼ ਨਹੀਂ ਕਰਦੇ ਕਿ ਪ੍ਰਭੂ ਯਿਸ਼ੂ ਇੱਥੇ ਇੱਕ ਸਰੀਰ ਵਿਚ ਦੋ ਆਤਮਾਵਾਂ ਦੀ ਗੱਲ ਕਰਦੇ ਹਨ ਜੋ ਵਿਸ਼ਵਾਸ਼ੀ ਵਿੱਚ ਪਵਿੱਤਰ ਆਤਮਾ ਦੇ ਆਣ ਕਰਕੇ ਹੋਵੇਗਾ। ਬਲਕਿ ਉਹ ਵਿਸ਼ਵਾਸੀ ਵਿਚ ਪ੍ਰਮੇਸ਼ਵਰ ਦੇ ਆਤਮਾ ਦੀ ਗੱਲ ਕਰਦੇ ਹਨ ਜਿਹੜਾ ਸਾਰੀ ਸਰਿਸ਼ਟੀ ਤੋਂ ਉੱਪਰ ਹੈ।

"ਆਤਮਾ ਵਿੱਚ ਮੁਰਦਾ ਹੋਣ ਦੇ ਕਾਰਣ ਮਨੁੱਖ ਨੂੰ ਸਰਿਸ਼ਟੀ ਉੱਪਰ ਸ਼ਰੇਸ਼ਟ ਹੋਣ ਤੋਂ ਹਟਾ ਦਿੱਤਾ ਗਿਆ ਸੀ ਪਰ ਨਵੇਂ ਜਨਮ ਰਾਹੀਂ ਉਹ ਨਵੀਂ ਰਚਨਾ ਹੋਇਆ ਅਤੇ ਫਿਰ ਤੋਂ ਸਰੇਸ਼ਟ ਹੋਇਆ"। (2 ਕੁਰੰਥੀਆਂ 5:17)

ਇਹ ਇਸ ਕਰਕੇ ਹੈ ਕਿ ਪਵਿੱਤਰ ਆਤਮਾ ਉਦੋਂ ਤੱਕ ਨਹੀਂ ਆਈ ਜਦ ਤੱਕ ਕੈਲਵਰੀ ਦਾ ਕੰਮ ਮੁਕੰਮਲ ਨਹੀਂ ਸੀ ਹੋ ਸਕਿਆ। ਜੇਕਰ ਪਵਿੱਤਰ ਆਤਮਾ ਹੀ ਵਿਸ਼ਵਾਸੀ ਨੂੰ ਸ਼ਕਤੀ ਦਿੰਦਾ ਹੈ ਤਾਂ ਇਹ ਕੱਮ ਕਲਵਰੀ ਤੋਂ ਪਹਿਲੋਂ ਭੀ ਕੀਤਾ ਜਾ ਸਕਦਾ ਸੀ। ਪ੍ਰਭੂ ਯਿਸ਼ੂ ਦੀ ਆਤਮਾ ਪ੍ਰਮੇਸ਼ਵਰ ਦੀ ਆਤਮਾ ਅਤੇ ਇਕ ਸੰਪੂਰਣ ਮਨੁੱਖ ਦੀ ਆਤਮਾ ਸੀ ਜਿਸ ਨੇ ਆਪਣੇ ਭਰਾਵਾਂ ਦੀ ਆਤਮਾ ਨੂੰ ਆਤਮਿਕ ਜੀਵਨ ਦਿੱਤਾ ਜਿਹੜੀ ਕਿ ਆਦਮ ਦੇ ਪਤਨ ਨਾਲ ਖਤਮ ਹੋ ਗਿਆ ਸੀ। ਪਵਿੱਤਰ ਆਤਮਾ ਅਰਥਾਤ ਸਹਾਇਕ ਯਿਸ਼ੂ ਦੀ ਕੈਲਵਰੀ ਦੀ ਮਿਰਤੂ ਤੋਂ ਬਾਦ ਇਸ ਲਈ ਆਇਆ ਕਿਉਂ ਕਿ ਉਸਨੂੰ ਪੂਰਣ ਰੱਬ ਦੀ ਪਵਿੱਤਰ ਆਤਮਾ ਅਤੇ ਪੂਰਣ ਮਨੁੱਖ ਦੀ ਆਤਮਾ ਦੀ ਲੋੜ ਸੀ ਜੋ ਕਿ ਯਿਸ਼ੂ ਦੇ ਮਰਨ ਉੱਪਰ ਮਿਲ ਸਕਦੀ ਸੀ।

ਇਬਰਾਨੀਆਂ ਦੇ ਲੇਖਕ ਪ੍ਰਭੂ ਯਿਸ਼ੂ ਦੀ ਮਾਨਵਤਾ ਦੀ ਵਿਆਖਿਆ ਕਰਦੇ ਹੋਏ ਇਬ੍ਰਾਨੀਆਂ ਵਿੱਚ ਕਹਿੰਦੇ ਹਨ। "ਤੈਂ ਉਹਨੂੰ ਦੂਤਾਂ ਨਾਲੋਂ ਥੋੜਾ ਚਿਰ ਘੱਟ ਕੀਤਾ

ਅਤੇ ਮਹਿਮਾ ਤੇ ਆਦਰ ਦਾ ਮੁਕਟ ਉਹਦੇ ਸਿਰ ਉੱਤੇ ਰਖਿਆ।

ਤੈਂ ਆਪਣੀ ਦਸਤਕਾਰੀ ਉੱਤੇ ਉਹਨੂੰ ਥਾਪਿਆ,

ਤੈਂ ਸਭ ਕੁਝ ਉਹਦੇ ਪੈਰਾਂ ਹੇਠ ਕਰ ਦਿੱਤਾ।

ਕਿਉਂਕਿ ਜਦੋਂ ਉਸਨੇ ਸਭ ਕੁਝ ਉਹਦੇ ਅਧੀਨ ਕਰ ਦਿੱਤਾ ਤਾਂ ਕੁਝ ਨਹੀਂ ਬਚਿਆ ਜੋ ਉਹਦੇ ਅਧੀਨ ਨਾ ਹੋਵੇ ਪਰ ਅਜੇ ਤੱਕ ਅਸੀਂ ਸਭ ਕੁਝ ਉਹਦੇ ਅਧੀਨ ਕੀਤਾ ਹੋਇਆ ਨਹੀਂ ਦੇਖਦੇ"। (ਇਬ੍ਰਾਨੀਆਂ 2:7-8)

ਇਹ ਬਿਨਾਂ ਕਿਸੇ ਸ਼ੱਕ ਤੋਂ ਭਰਮ ਪੈਦਾ ਕਰਦਾ ਹੈ ਜਿਹੜਾ ਕਿ ਵਿਰੋਧਾਭਾਸੀ ਹੈ। ਪਹਿਲਾਂ ਲੇਖਕ ਕਹਿੰਦਾ ਹੈ ਸਾਰੀਆਂ ਚੀਜ਼ਾਂ ਮਨੁੱਖ ਦੇ ਪੈਰਾਂ ਹੇਠ ਹਨ। ਫੇਰ ਉਹ ਆਪਣੇ ਆਪ ਦੇ ਉਲਟ ਕਹਿ ਰਿਹਾ ਹੈ ਕਿ ਭਾਵੇਂ ਕਿ ਸਾਰੀਆਂ ਚੀਜ਼ਾਂ ਮਨੁੱਖ

ਦੇ ਪੈਰਾਂ ਹੇਠ ਹਨ ਪਰ ਅਸਲ ਵਿੱਚ ਅਜਿਹਾ ਨਹੀਂ ਹੈ । (ਇਬਰਾਨੀਆਂ 2:7-8) ਲੇਖਕ ਦੇ ਮਨ ਵਿੱਚ ਇਹ ਭਰਮ ਇਸ ਬਿਆਨ ਨਾਲ ਖਤਮ ਹੋ ਜਾਂਦਾ ਹੈ ਪ੍ਰੰਤੂ ਅਸੀਂ ਪ੍ਰਭੂ ਯਿਸ਼ੂ ਨੂੰ ਦੇਖਦੇ ਹਾਂ ਦੂਸਰੇ ਸ਼ਬਦਾਂ ਵਿੱਚ ਪੂਰਣ ਮਨੁੱਖ ਜੋ ਕੁਝ ਹੈ ਉਹ ਪ੍ਰਭੂ ਯਿਸ਼ੂ ਵਿੱਚ ਹੈ।

ਇਸ ਬਾਰੇ ਪੜੋ: ਜਿਹ ਦੇ ਲਈ ਸੱਭੋ ਕੁਝ ਹੈ ਅਤੇ ਜਿਹਦੇ ਰਾਹੀਂ ਸੱਭੋ ਕੁਝ ਹੋਇਆ ਉਸਨੂੰ ਜੋਗ ਸੀ ਭਈ ਬਹੁਤਿਆਂ ਪੁੱਤਰ੍ਹਾਂ ਨੂੰ ਤੇਜ ਵਿੱਚ ਲਿਆਉਂਦਿਆਂ ਉਨ੍ਹਾਂ ਦੇ ਮੁਕਤੀ ਦੇਣ ਵਾਲੇ ਆਗੂਆਂ ਨੂੰ ਦੁੱਖਾਂ ਦੇ ਦੁਆਰਾ ਸੰਪੂਰਨ ਕਰੇ। ਕਿਉਂ ਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਉਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ ਇੱਕ ਤੋਂ ਹੀ ਹਨ। ਇਸ ਕਰਕੇ ਉਹ ਉਨ੍ਹਾਂ ਨੂੰ  ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ ਪਰ ਏਹ ਕਹਿੰਦਾ ਹੈ,

ਮੈਂ ਆਪਣਿਆਂ ਭਾਈਆਂ ਨੂੰ ਤੇਰਾ ਨਾਮ ਸੁਣਾਵਾਂਗਾ,

ਮੈਂ ਕਲੀਸਿਯਾ ਵਿੱਚ ਤੇਰੀ ਉਸਤਤ ਕਰਾਂਗਾ।

ਅਤੇ ਫੇਰ ਏਹ,

ਮੈਂ ਉਸ ਉੱਤੇ ਭਰੋਸਾ ਰੱਖਾਂਗਾ

ਅਤੇ ਫੇਰ

ਮੈਂ ਅਤੇ ਓਹ ਬੱਚੇ ਜਿਹੜੇ ਪਰਮੇਸ਼ੁਰ ਨੇ ਮੈਨੂੰ ਬਖਸ਼ੇ।

(ਇਬਰਾਨੀਆਂ 2:10-13)

ਇਹ ਸਪੱਸ਼ਟ ਹੈ ਕਿ ਪ੍ਰਮੇਸ਼ਵਰ ਦੀ ਮਹਿਮਾ ਵਿੱਚ ਪ੍ਰਮੇਸ਼ਵਰ ਗੀਤ ਨਹੀਂ ਗਾਉਂਦਾ ਬਲਕਿ ਇਹ ਜੇਤੂ ਮਨੁੱਖੀ ਸਰਦਾਰ (ਮਨੁੱਖੀ ਪ੍ਰਭੂ ਯਿਸ਼ੂ) ਪ੍ਰਮਾਤਮਾ ਦੀ ਪ੍ਰਸ਼ੰਸ਼ਾਂ ਦੇ ਗੀਤ ਗਾਉਂਦਾ ਹੈ। ਪ੍ਰਭੂ ਯਿਸ਼ੂ ਗੀਤ ਉਸਨੂੰ ਪ੍ਰਮੇਸ਼ਵਰ ਦੀ ਮਹਿਮਾ ਬਾਰੇ ਚਰਚ ਦੇ ਵਿੱਚ ਕਿਵੇਂ ਗਾਏਗਾ? ਆਪਣੀ ਆਤਮਾ ਦੁਆਰਾ ਆਪਣੇ ਵਿਸ਼ਵਾਸ਼ੀ ਭਰਾਵਾਂ ਦੇ ਦਿਲਾਂ ਵਿੱਚੋਂ ਕਿਉਂ ਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਉਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ ਇੱਕ ਤੋਂ ਹੀ ਹਨ। (ਇਬਰਾਨੀਆਂ 2:11)

ਪ੍ਰਭੂ ਯਿਸ਼ੂ ਪਵਿੱਤਰ ਆਤਮਾ ਦੇ ਵਾਸ ਰਾਹੀਂ ਮਨੁੱਖ ਦੀ ਸੰਪੂਰਣ ਹੋਣ ਦੀ ਸ਼ਕਤੀ ਜਿਸ ਦੁਆਰਾ ਉਹ ਸਰਵ ਉਤਮ ਅਤੇ ਪੂਰਣ ਹੋਵੇਗਾ ਉਸਨੂੰ ਦਿੱਤੀ ਗਈ ਅਤੇ ਉਹ ਕਦੇ ਖਤਮ ਨਾ ਹੋਣ ਵਾਲੀ ਸੀ। ਇਸ ਵਿਚਾਰ ਨੂੰ ਮਨੁੱਖ ਦੇ ਸੰਪੂਰਣ ਹੋਣ ਬਾਰੇ ਜੋੜਿਆ ਜਾਂਦਾ ਹੈ ਉਹ ਬਹੁਤ ਬਹੁਤ ਸ਼ਕਤੀਸ਼ਾਲੀ ਹੈ।

## ਨਵੀਂ ਉਤਪਤੀ ਦੀ ਕਿਰਿਆ (5)

(ਪਵਿੱਤਰ ਆਤਮਾ ਦਾ ਵਿਸ਼ਵਾਸ਼ੀਆਂ ਵਿੱਚ ਕੰਮ)

ਪ੍ਰਭੂ ਯਿਸ਼ੂ ਮਸੀਹ ਜੀਵਨ ਦਾ ਸਰੋਤ ਹੈ ਕਿਓਂਕਿ ਪਵਿੱਤਰ ਵਚਨ ਯਿਸ਼ੂ ਵਾਰੇ ਦੱਸਦੇ ਹਨ ਕਿ ਉਸ ਵਿੱਚ ਜੀਵਨ ਸੀ ਅਤੇ ਜੀਵਨ ਮਨੁਖਾਂ ਲਈ ਜੋਤ ਸੀ। (ਯੂਹੰਨਾ 1:4)

ਯਿਸ਼ੂ ਨੇ ਕਿਹਾ ਕਿਆਮਤ ਅਤੇ ਜੀਵਨ ਮੈਂ ਹਾਂ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਭੀ ਜਾਵੇ ਤਾਂ ਭੀ ਜੀਵੇਗਾ। (ਯੁਹੰਨਾ 11:25)

ਪਵਿੱਤਰ ਵਚਨ (ਯੁਹੰਨਾ ਦੀ ਅੰਜੀਲ) ਵਿਚ ਪੜਦੇ ਹਾਂ ਕਿ "ਯਿਸ਼ੂ ਨੇ ਉੱਤਰ ਦਿੱਤਾ, "ਮੈਂ ਤੈਨੂੰ ਸੱਚੁ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਰ ਆਤਮਾ ਤੋਂ ਨਾ ਜੰਮੇ ਤਾਂ ਉਹ ਪਰਮੇਸ਼ੁਰ ਦੇ ਰਾਜ ਵਿੱਚ ਵੜ ਨਹੀਂ ਸਕਦਾ"। (ਯੁਹੰਨਾ 3:5)

(ਉਤਪਤੀ 2:17) ਵਿੱਚ ਦਰਜ ਹੈ ਕਿ ਆਦਮ ਅਤੇ ਹਵਾ ਨੂੰ ਅੱਛਾਈ ਅਤੇ ਬੁਰਾਈ ਦੀ ਸਮਝ ਵਾਲੇ ਪੇੜ ਤੋਂ ਖਾਣ ਦੀ ਮਨਾਹੀ ਸੀ। ਇਸ ਦਾ ਅਰਥ ਇਹ ਹੈ ਕਿ ਜੇਕਰ ਉਹ ਇਸ ਹੁਕਮ ਦੀ ਉਲੰਘਣਾ ਕਰਨਗੇ ਤਾਂ ਉਹ ਉਸੇ ਹੀ ਦਿਨ ਯਕੀਨਨ ਮਰ ਜਾਣਗੇ। ਵਚਨ ਦੱਸਦੇ ਹਨ ਕਿ ਉਨ੍ਹਾਂ ਨੇ ਉਲੰਘਣਾ ਕੀਤੀ ਅਤੇ ਉਹ ਉਸੇ ਦਿਨ ਨਹੀਂ ਮਰੇ। ਪਰ ਉਹਨਾਂ ਦੇ ਅੰਦਰ ਕੋਈ ਚੀਜ਼ ਮਰ ਗਈ ਸੀ। ਉਨ੍ਹਾਂ ਦਾ ਇੱਕ ਹਿੱਸਾ ਉਸੇ ਦਿਨ ਮਰ ਗਿਆ ਸੀ, ਅਤੇ ਉਸ ਦਿਨ ਤੋਂ ਬਾਦ ਉਹਨਾ ਵਿੱਚ ਕੁਝ ਅਲੱਗ ਸੀ। ਉਨ੍ਹਾਂ ਦਾ ਪ੍ਰਮੇਸ਼ਵਰ ਨਾਲ ਪਿਆਰ ਦਾ ਰਿਸ਼ਤਾ ਟੁੱਟ ਗਿਆ। ਉਹ ਉਸੇ ਦਿਨ ਆਤਮਾ ਵਿਚ ਮਰ ਗਏ ਅਤੇ ਉਹ ਪ੍ਰਮੇਸ਼ਵਰ ਤੋਂ ਬਿਛੜ ਗਏ ਅਰਥਾਤ ਉਹ ਪਰਮੇਸ਼ਵਰ ਦੀ ਹਜ਼ੂਰੀ ਤੋਂ ਦੂਰ ਹੋ ਗਏ। ਉਹਨਾਂ ਦੀ ਪ੍ਰਮੇਸ਼ਵਰ ਨਾਲ ਸਾਂਝ ਸਮਾਪਤ ਹੋ ਗਈ। ਉਸ ਦਿਨ ਤੋਂ ਬਾਦ ਉਹ ਉਸ ਤਰ੍ਹਾਂ ਦੇ ਨਹੀਂ ਸਨ ਕਿਓਂਕਿ ਉਹਨਾਂ ਦੀ ਆਤਮਾ ਉਸ ਦਿਨ ਮਰ ਗਈ ਸੀ। ਉਹਨਾਂ ਦੇ ਜਿਸਮ ਅਤੇ ਮਨ ਕੰਮ ਕਰਦੇ ਰਹੇ ਪਰ ਉਹਨਾਂ ਦੀ ਪ੍ਰਮੇਸ਼ਵਰ ਨਾਲ ਆਤਮਿਕ ਸਾਂਝ ਟੁੱਟ ਗਈ ਸੀ।

ਇਹ ਯਾਦ ਰੱਖਣ ਦੀ ਗੱਲ ਹੈ ਕਿ ਪਵਿੱਤਰ ਵਚਨ ਵਿੱਚ ਮਿਰਤੁ ਦਾ ਅਰਥ ਹੋਂਦ ਦਾ ਅੰਤ ਨਹੀਂ ਹੈ। ਰੂਹਾਨੀ ਮਿਰਤੁ ਦਾ ਅਰਥ ਹੈ ਸਾਡਾ ਪ੍ਰਮੇਸ਼ਵਰ ਤੋਂ ਬਿਛੜ ਜਾਣਾ ਅਤੇ ਸਰੀਰਕ ਮਿਰਤੁ ਦਾ ਅਰਥ ਹੈ ਸਾਡੇ ਮਨ ਅਤੇ ਆਤਮਾ ਦਾ ਸਰੀਰ ਤੋਂ ਰਿਸ਼ਤਾ ਟੁੱਟ ਜਾਣਾ ਹੈ।

ਇਹ ਵਿਚਾਰ ਕਿ ਮਿਰਤੁ ਵੇਲੇ ਵਿਅਕਤੀ ਦਾ ਪੂਰੀ ਤਰ੍ਹਾਂ ਅੰਤ ਹੋ ਜਾਂਦਾ ਹੈ ਠੀਕ ਨਹੀਂ ਹੈ। ਮਨੁੱਖ ਕਿਉਂਕਿ ਪ੍ਰਮੇਸ਼ਵਰ ਦੇ ਰੂਪ ਵਿੱਚ ਸਾਜਿਆ ਗਿਆ ਹੈ ਇਸ ਲਈ ਉਹ ਮਰਦਾ ਨਹੀਂ ਕਿਓਂਕਿ ਪਰਮੇਸ਼ਵਰ ਅਮਰ ਹੈ। ਇਸ ਘਟਨਾ ਤੋਂ ਬਾਦ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਮਨੁੱਖ ਨਾਸ਼ ਨਾ ਹੋਣ ਵਾਲਾ ਹੈ।

ਇਸ ਦਾ ਇਹ ਅਰਥ ਨਹੀਂ ਕਿ ਮਿਰਤੂ ਤੋਂ ਬਾਦ ਮਨੁੱਖ ਆਪਣੀ ਕਿਸਮਤ ਨੂੰ ਬਣਾ ਜਾਂ ਬਿਗਾੜ ਸਕਦਾ ਹੈ। ਪਵਿੱਤਰ ਵਚਨ ਇਸ ਬਾਰੇ ਸਾਫ ਲਿਖਦੇ ਹਨ ਕਿ ਜਦੋਂ ਕੋਈ ਆਤਮਿਕ ਮੌਤ ਮਰਦਾ ਹੈ ਜਾਂ ਸਰੀਰਕ ਮੌਤ ਮਰਦਾ ਹੈ ਉਹ ਆਪਣੀ ਹੋਂਦ ਨੂੰ ਬਦਲਣ ਵਿੱਚ ਮਜਬੂਰ ਹੁੰਦਾ ਹੈ। ਅਤੇ ਉਸ ਦੀ ਹੋਂਦ ਖਤਮ ਨਹੀਂ ਹੁੰਦੀ। (ਉਤਪਤੀ 2:17, ਯੂਹੰਨਾ 11:11)

ਇਸ ਲਈ ਪਵਿੱਤਰ ਵਚਨ ਇਹ ਘੋਸ਼ਣਾ ਕਰਦੇ ਹਨ ਕਿ ਮਨੱਖ ਕੁਰਾਹ ਅਤੇ ਪਾਪਾਂ ਵਿੱਚ ਮਰ ਗਿਆ ਇਸ ਦਾ ਅਰਥ ਹੈ ਕਿ ਮਨੁੱਖੀ ਆਤਮਾ ਪ੍ਰਮੇਸ਼ਵਰ ਤੋਂ ਵਿਛੜ ਗਈ ਹੈ। (ਰੋਮਿਉ 5:12, 14)

ਪਵਿੱਤਰ ਵਚਨ ਅਨੁਸਾਰ 'ਜੀਵਨ' ਦਾ ਸਹੀ ਅਰਥ ਮਿਰਤੂ ਤੋਂ ਉਲਟ ਹੈ। ਪਵਿੱਤਰ ਵਚਨ ਵਿਚ ਜਿਥੇ 'ਮਿਰਤੂ' ਦਾ ਅਰਥ ਹੈ ਬਿਛੜਨਾ ਉੱਥੇ 'ਜੀਵਨ' ਦਾ ਅਰਥ ਹੈ ਮਿਲਾਪ।

ਜਦੋਂ ਮਨੁੱਖੀ ਆਤਮਾ ਪ੍ਰਮੇਸ਼ਵਰ ਤੋਂ ਬਿਛੜਦੀ ਹੈ, ਉਹ ਉਸਦੀ ਰੂਹਾਨੀ ਮਿਰਤੂ ਹੈ ਅਤੇ ਜਦੋਂ ਮਨੁੱਖੀ ਆਤਮਾ ਦਾ ਪ੍ਰਮੇਸ਼ਵਰ ਨਾਲ ਮਿਲਾਪ ਹੋ ਜਾਂਦਾ ਹੈ ਉਹ ਰੂਹਾਨੀ ਜਨਮ ਹੈ ਅਤੇ ਇਸੇ ਨੂੰ ਨਵਾਂ ਜਨਮ ਕਿਹਾ ਜਾਂਦਾ ਹੈ।

ਇਹ ਸਾਫ ਅਤੇ ਸਪੱਸ਼ਟ ਪ੍ਰਭੂ ਯਿਸੂ ਨੇ ਪਵਿੱਤਰ ਬਾਈਬਲ ਵਿੱਚ ਜ਼ੋਰ ਦੇ ਕੇ ਕਿਹਾ ਹੈ ਅਤੇ ਇਸ ਕਿਰਿਆ ਨੂੰ 'ਪਾਣੀ ਅਤੇ ਆਤਮਾ ਤੋਂ ਦੁਬਾਰਾ ਜਨਮ' ਕਿਹਾ ਹੈ। (ਯੂਹੰਨਾ 3:3-5)

ਪਾਣੀ ਅਤੇ ਆਤਮਾ ਤੋਂ ਦੁਬਾਰਾ ਜੱਮ ਕੇ ਤੁਸੀਂ ਮਿਰਤੂ ਤੋਂ ਪਾਰ ਲੰਘ ਕੇ ਜੀਵਨ ਵਿੱਚ ਚਲੇ ਜਾਂਦੇ ਹੋ। (1ਯੂਹੰਨਾ 3:14), (ਯੂਹੰਨਾ 5:24, ਮਤੀ 18:8, 19:7, ਯੂਹੰਨਾ 3:16, ਆਦਿ)

ਇਸ ਤਰਾਂ ਮਨੁੱਖੀ ਆਤਮਾ ਦੇ ਨਵੇਂ ਜਨਮ ਨੂੰ ਪ੍ਰਮੇਸ਼ਵਰ ਦੀ ਆਤਮਾ ਨਾਲ ਦੁਬਾਰਾ ਮਿਲਣਾ ਕਿਹਾ ਗਿਆ ਹੈ। (ਯੂਹੰਨਾ 3:5, ਯੂਹੰਨਾ 4:24 ਅਤੇ 20-22, ਰਸੂਲਾਂ ਦੇ ਕਰਤੱਬ 2:38, ਰੋਮਿਉ 6:4-5, 8 ਅਤੇ 9-11 ਅਤੇ 8:1-18)

# ਸਾਡੇ  ਅੰਦਰ ਪਵਿੱਤਰ ਆਤਮਾ ਦਾ ਵਾਸ (6)

ਜਦੋਂ ਕਿਸੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਤਮਾ ਤੋਂ ਜੰਮਿਆ ਹੈ ਤਾਂ ਉਹ ਉਸ ਸਮੇਂ ਤੋਂ ਪਵਿੱਤਰ ਆਤਮਾ ਦੇ ਅੰਦਰ ਹੁੰਦਾ ਹੈ। (ਯੂਹੰਨਾ 14:17, ਰੋਮਿਉ 8:9, 1 ਕੁਰੰਥੀਆਂ 6:19, 2 ਤਿਮੁਥੀ 1:14, 1 ਯੂਹੰਨਾ 2:27, 3:24 ਕੁਲੀਸੀਆਂ 1:27 ਅਤੇ ਪ੍ਰਕਾਸ਼ ਦੀ ਪੋਥੀ 3:20)

ਪ੍ਰਮੇਸ਼ਵਰ ਸ੍ਰਿਸ਼ਟੀ ਵਿੱਚ ਹਰ ਜਗ੍ਹਾ ਵਿੱਦਿਆਮਾਨ ਹੈ ਅਤੇ ਸਾਡੇ ਸਰੀਰਾਂ ਵਿਚ ਭੀ ਹੈ (ਰਸੂਲਾਂ ਦੇ ਕਰਤੱਬ 17:25) ਪਰ ਇਹ ਸੋਚ ਅਧੂਰੀ ਹੈ ਕਿਉਂਕਿ ਪ੍ਰਮੇਸ਼ਵਰ ਦਾ ਸਭ ਜਗਾਹ ਹੋਣਾ ਇਹ ਸੁਨਿਸ਼ਚਤ ਨਹੀਂ ਕਰਦਾ ਕਿ ਪਰਮੇਸ਼ਵਰ ਪਵਿੱਤਰ ਆਤਮਾ ਦੇ ਰੂਪ ਵਿਚ ਸਾਡੇ ਅੰਦਰ ਵਸਦਾ ਹੈ। ਪਵਿੱਤਰ ਵਚਨ ਅਨੁਸਾਰ ਜਦੋਂ ਅਸੀਂ ਆਖਦੇ ਹਾਂ ਕਿ ਕੋਈ ਮਨੁੱਖ ਪਰਮੇਸ਼ਵਰ ਤੋਂ ਦੂਰ ਹੈ ਤਾਂ ਇਹ ਸਾਡੇ ਲਈ ਸਮਝਣਾ ਔਖਾ ਹੋ ਜਾਂਦਾ ਹੈ ਕਿ ਜੇਕਰ ਪਰਮੇਸ਼ਵਰ ਸਭ ਜਗਾਹ ਹੈ ਤਾਂ ਕੋਈ ਉਸ ਤੋਂ ਦੂਰ ਕਿਸ ਤਰਾਂ ਹੋ ਸਕਦਾ ਹੈ।

ਕਿਸੇ ਦਾ ਪਰਮੇਸ਼ਵਰ ਤੋਂ ਦੂਰ ਹੋ ਜਾਣ ਦਾ ਅਰਥ ਹੈ ਕਿ ਉਸਦਾ ਪਰਮੇਸ਼ਵਰ ਨਾਲ ਨਿਜੀ ਸੰਬੰਧ ਨਹੀਂ ਹੈ। ਵਚਨ ਅਨੁਸਾਰ ਕਿਸੇ ਦਾ ਪਰਮੇਸ਼ਵਰ ਤੋਂ ਦੂਰ ਹੋਣ ਦਾ ਅਰਥ ਹੈ ਕਿ ਉਹ ਪਰਮੇਸ਼ਵਰ ਦੀ ਇੱਛਾ ਨੂੰ ਪੂਰਾ ਨਹੀਂ ਕਰ ਰਿਹਾ ਜਿਸ ਲਈ ਪਰਮੇਸ਼ਵਰ ਨੇ ਉਹਨੂੰ ਸਾਜਿਆ ਸੀ। ਇਸੇ ਤਰਾਂ ਪਰਮੇਸ਼ਵਰ ਦੇ ਨਜ਼ਦੀਕ ਆਉਣ ਦਾ ਅਰਥ ਇਹ ਨਹੀਂ ਕਿ ਤੁਸੀਂ ਆਪਣੀ ਜਗਾਹ ਬਦਲ ਲੈਂਦੇ ਹੋ ਪਰ ਤੁਸੀਂ ਪਰਮੇਸ਼ਵਰ ਦੀ ਇੱਛਾ ਅਨੁਸਾਰ ਜੀਵਨ ਨੂੰ ਬਦਲ ਲੈਂਦੇ ਹੋ।

ਇਹ ਕਹਿਣਾ ਭੀ ਔਖਾ ਹੈ ਕਿ ਸਾਨੂੰ ਪਵਿੱਤਰ ਆਤਮਾ ਵਲੋਂ ਛੋ ਲੈਣ ਨਾਲ ਸਾਡੇ ਪਰਮੇਸ਼ਵਰ ਨਾਲ ਨਿਜੀ ਸੰਬੰਧ ਬਣ ਜਾਂਦੇ ਹਨ। ਪਰ ਜਦੋਂ ਅਸੀਂ ਖੁਦ ਨੂੰ ਬਦਲਦੇ ਹਾਂ ਅਤੇ ਪਰਮੇਸ਼ਵਰ ਦੀ ਇੱਛਾ ਨੂੰ ਪੂਰਾ ਕਰਦੇ ਹੋਏ ਉਸ ਵਲ ਮੁੜਦੇ ਹਾਂ ਤਾਂ ਉਦੋਂ ਪਰਮੇਸ਼ਵਰ ਸਾਡੇ ਅੰਦਰ ਉਸ ਨਾਲ ਰਿਸ਼ਤੇ ਦੀ ਭੁੱਖ ਦੇਖਦਿਆਂ ਹੋਇਆਂ ਸਾਨੂੰ ਪਵਿੱਤਰ ਆਤਮਾ ਦੀ ਭਰਪੂਰ ਬਖਸ਼ਿਸ਼ ਦਿੰਦਾ ਹੈ। ਜੇਕਰ ਅਸੀਂ ਪਹਿਲੋਂ ਹੀ ਪਵਿੱਤਰ ਆਤਮਾ ਵਲੋਂ ਮੱਸਾ ਕੀਤੇ ਹੋਏ ਹਾਂ ਤਾਂ ਪਰਮੇਸ਼ਵਰ ਵਲੋਂ ਸਾਨੂੰ ਹੋਰ ਭਰਪੂਰ ਬਖਸ਼ਿਸ਼ਾਂ ਮਿਲਦੀਆਂ ਹਨ। (ਯੁਹੰਨਾ 10:10) ਸਾਡੇ ਅੰਦਰ ਪਵਿੱਤਰ ਆਤਮਾ ਦੇ ਵਾਸ ਰਾਹੀਂ ਸਾਡੇ ਪਰਮੇਸ਼ਵਰ ਨਾਲ ਨਿਜੀ ਸੰਬੰਧ ਬਣ ਜਾਂਦੇ ਹਨ। (ਯੁਹੰਨਾ 1:12) ਸਾਡੀ ਰੂਹ ਪਰਮੇਸ਼ਵਰ ਤੋਂ ਦੂਰ ਰਹਿ ਕੇ ਅਤੇ ਮੁਢਲੇ ਪਾਪ ਦੇ ਕਾਰਣ ਮਰ ਚੁਕੀ ਹੈ ਅਤੇ ਪਰਮੇਸ਼ਵਰ ਉਸੇ ਨੂੰ ਫਿਰ ਤੋਂ ਸ਼ੁੱਧ ਨਹੀਂ ਕਰਦਾ ਪਰ ਸਾਨੂੰ ਨਵਾਂ ਰੂਹਾਨੀ ਜਨਮ ਦਿੰਦਾ ਹੈ ਅਤੇ ਚੋਖਾ ਜੀਵਨ ਦਿੰਦਾ ਹੈ। ਇਸ ਤਰਾਂ ਅਸੀਂ ਆਤਮਾ ਤੋਂ ਜਨਮ ਲੈਕੇ ਪਰਮੇਸ਼ਵਰ ਦੇ ਪੁੱਤਰ ਧੀਆਂ ਹੋ ਜਾਂਦੇ ਹਾਂ। (2 ਕੁਰਨਥੀਆਂ 6:18)

ਪਵਿੱਤਰ ਆਤਮਾ ਵਿਚ ਸਾਡਾ ਨਵਾਂ ਜਨਮ ਸਾਨੂੰ ਪ੍ਰਭੂ ਨਾਲ ਜੋੜ ਦਿੰਦਾ ਹੈ। (1 ਕੁਰਨਥੀਆਂ 6:17) ਪਵਿੱਤਰ ਆਤਮਾ ਦਾ ਸਾਡੇ ਅੰਦਰ ਘਰ ਹੋਣਾ ਸਾਨੂੰ ਨਵੇਂ ਨਿਯਮ ਅਨੁਸਾਰ ਮਸੀਹੀ ਵਿਸ਼ਵਾਸੀ ਬਣਾ ਦਿੰਦਾ ਹੈ। (ਰੋਮੀਓ 8:9, ਯਾਕੂਬ ਦੀ 1:9) ਮਸੀਹੀ ਦੀ ਸਭ ਤੋਂ ਵੱਡੀ ਪਛਾਣ ਹੈ ਕਿ ਉਸ ਅੰਦਰ ਪਵਿੱਤਰ ਆਤਮਾ ਦਾ ਵਾਸ ਹੋਵੇ ਅਤੇ ਫਿਰ ਉਹ ਪਰਮੇਸ਼ਵਰ ਦਾ ਸੰਤ ਹੋ ਜਾਂਦਾ ਹੈ ਅਤੇ ਉਸਦੀ ਜ਼ਿੰਮੇਦਾਰੀ ਹੋ ਜਾਂਦੀ ਹੈ ਕਿ ਉਹ ਪਰਮੇਸ਼ਵਰ ਦੇ ਮੰਦਿਰ ਦੀ ਲਗਾਤਾਰ ਰਖਿਆ ਕਰੇ।

ਪਵਿੱਤਰ ਆਤਮਾ ਤੋਂ ਬਿਨਾ ਮਸੀਹੀ ਅਖਵਾਉਣਾ ਨਵੇਂ ਨਿਯਮ ਤੋਂ ਬਾਹਰ ਦੀ ਗੱਲ ਹੈ। ਪਵਿੱਤਰ ਆਤਮਾ ਦਾ ਬਪਤਿਸਮਾ ਸਾਡੇ ਉੱਤੇ ਪਰਮੇਸ਼ਵਰ ਦੀ ਮੁਹਰ ਹੋ ਜਾਂਦੀ ਹੈ। ਨਵੇਂ ਨਿਯਮ ਦੇ ਸਾਰੇ ਵਿਸ਼ਵਾਸੀ ਪਵਿੱਤਰ ਆਤਮਾ ਦੇ ਭਰਪੂਰ ਹੀ ਹੁੰਦੇ ਹਨ। ਇਹ ਉਹਨਾਂ ਲਈ ਪਹਿਲੀ ਲੋੜ ਹੈ ਕਿ ਉਹ ਪਵਿੱਤਰ ਆਤਮਾ ਦੇ ਭਰੇ ਹੋਏ ਹੋਣ। ਅਸੀਂ ਸਾਰੇ ਇੱਕੋ ਆਤਮਾ ਨਾਲ ਬਪਤਿਸਮਾ ਦਿੱਤੇ ਗਏ ਹਾਂ।

ਪਵਿੱਤਰ ਆਤਮਾ ਦਾ ਬਪਤਿਸਮਾ ਪਾਕੇ ਅਸੀਂ ਪਰਮੇਸ਼ਵਰ ਦੇ ਬਚੇ ਹੋ ਜਾਂਦੇ ਹਾਂ ਅਤੇ ਉਸ ਦੇ ਪਰਿਵਾਰ ਵਿਚ ਸ਼ਾਮਿਲ ਹੋ ਜਾਂਦੇ ਹਾਂ ਅਤੇ ਅਸੀਂ ਪਰਮੇਸ਼ਵਰ ਦੀ ਵਿਰਾਸਤ ਵਿਚ ਭਾਗੀਦਾਰ ਹੋ ਜਾਂਦੇ ਹਾਂ। ਅਸੀਂ ਪੂਰੀ ਤਰਾਂ ਪਰਮੇਸ਼ਵਰ ਦੇ ਕਹਿਲਾਂਦੇ ਹਾਂ।

"ਤੁਸੀਂ ਬੇਪ੍ਰਤੀਤਿਆਂ ਨਾਲ ਅਣਸਾਵੇਂ ਨਾ ਜੁਤੋ ਕਿਓਂ ਜੁ ਧਰਮ ਅਤੇ ਕੁਧਰ੍ਮ ਵਿਚ ਕੋਈ ਸਾਂਝ ਨਹੀਂ। ਅਤੇ ਚਾਨਣ ਦਾ ਹਨੇਰੇ ਨਾਲ ਕਿਆ ਮੇਲ? ਮਸੀਹ ਦਾ ਬਲਿਆਲ ਦੇ ਨਾਲ ਕਿਆ ਮਿਲਾਪ ਹੈ ਅਤੇ ਪ੍ਰਤੀਤਵਾਨ ਦਾ ਬੇਪਰਤੀਤੇ ਨਾਲ ਕਿਆ ਹਿੱਸਾ ਹੈ? ਅਤੇ ਪਰਮੇਸ਼ਵਰ ਦੀ ਹੈਕਲ ਨੂੰ ਮੂਰਤੀਆਂ ਨਾਲ ਕਿਆ ਵਾਸਤਾ? ਅਸੀਂ ਅਕਾਲ ਪੁਰੁਖ ਦੇ ਮੰਦਿਰ ਹਾਂ ਜਿਵੇਂ ਪਰਮੇਸ਼ਵਰ ਨੇ ਵਚਨ ਦਿੱਤਾ:

ਮੈਂ ਉਹਨਾਂ ਵਿਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ,

ਮੈਂ ਉਹਨਾਂ ਦਾ ਪਰਮੇਸ਼ਵਰ ਹੋਵਾਂਗਾ

ਅਤੇ ਉਹ ਮੇਰੀ ਪਰਜਾ ਹੋਣਗੇ।

ਇਸ ਲਈ ਉਹਨਾਂ ਵਿਚੋਂ ਨਿਕਲ ਆਓ

ਅਤੇ ਅੱਡ ਹੋਵੋ, ਪ੍ਰਭੂ ਆਖਦਾ ਹੈ,

ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਓ,

ਮੈਂ ਤੁਹਾਨੂੰ ਕਬੂਲ ਕਰਾਂਗਾ,

ਅਤੇ ਤੁਹਾਡਾ ਪਿਤਾ ਹੋਵਾਂਗਾ

ਅਤੇ ਤੁਸੀਂ ਮੇਰੇ ਪੁੱਤਰ ਧੀਆਂ ਹੋਵੋਗੇ।

ਇਹ ਵਚਨ ਸਰਵ ਸ਼ਕਤੀਮਾਨ ਪ੍ਰਭੂ ਦਾ ਹੈ"। (2 ਕੁਰਨਥੀਆਂ 6:14-18)

"ਸੋ ਹੈ ਪਿਆਰਿਓ ਜਦੋਂ ਇਹ ਵਚਨ ਸਾਨੂੰ ਦਿੱਤੇ ਗਏ ਹਨ ਤਾਂ ਆਓ ਅਸੀਂ ਖੁਦ ਨੂੰ ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾ ਤੋਂ ਸ਼ੁੱਧ ਹੋ ਕੇ ਪਰਮੇਸ਼ਵਰਤਾਈ ਨੂੰ ਸੰਪੂਰਨ ਕਰੀਏ"। (2 ਕੁਰਨਥੀਆਂ 7:1)

# ਪਵਿੱਤਰ ਕਰਨਾ (8)

ਕਿਸੇ ਚੀਜ਼ ਨੂੰ ਪਵਿੱਤਰ ਕਰਨਾ ਉਸ ਨੂੰ ਸਿਰਫ ਪਵਿੱਤਰ ਕੰਮ ਵਾਸਤੇ ਰੱਖਣਾ ਹੈ ਅਤੇ ਉਸਨੂੰ ਪ੍ਰਮੇਸ਼ਵਰ ਨੂੰ ਸਮਰਪਿਤ ਕਰਨਾ ਹੈ ਤਾਂ ਕਿ ਉਹ ਸ਼ੁੱਧ ਅਤੇ ਪਵਿੱਤਰ ਰਹੇ। ਪੁਰਾਣੇ ਨਿਯਮ ਵਿਚ ਪਵਿੱਤਰ ਸਥਾਨ, ਅੰਦਰੂਨੀ ਕਮਰਾ, ਪੁਰਾਣੇ ਨਿਯਮ ਅਨੁਸਾਰ ਪ੍ਰਮੇਸ਼ਵਰ ਦਾ ਘਰ (ਜਾਂ ਮੰਦਿਰ) ਨੂੰ ਅਲੱਗ ਰੱਖਿਆ ਜਾਂਦਾ ਸੀ ਤਾਂ ਕਿ ਉਹ ਅਪਵਿੱਤਰਤਾ, ਸਧਾਰਣਤਾ ਜਾਂ ਗੰਦਗੀ ਤੋਂ ਦੂਰ ਰਹਿਣ। ਕੇਵਲ ਇਕ ਹੀ ਵਿਅਕਤੀ (ਮਹਾ ਜਾਜਕ) ਉੱਥੇ ਜਾ ਸਕਦਾ ਸੀ ਅਤੇ ਓਹ ਵੀ ਸਾਲ ਵਿੱਚ ਇੱਕ ਵਾਰ। ਮੰਦਿਰ ਵਿੱਚ ਪੁਜਾਰੀ ਉਹਨਾਂ ਦੇ ਕੱਪੜੇ, ਸਾਮਾਨ, ਬਲੀਦਾਨ ਵਿੱਚ ਵਰਤੀਆਂ ਜਾਣ ਵਾਲੀਆਂ ਵਸਤੂਆਂ, ਬਰਤਣ, ਪ੍ਰਮੇਸ਼ਵਰ ਦੀ ਸੇਵਾ ਵਿੱਚ ਵਰਤੀ ਜਾਣ ਵਾਲੀ ਹਰ ਇੱਕ ਵਸਤੂ ਨੂੰ ਅਲੱਗ ਰੱਖਿਆ ਜਾਂਦਾ ਸੀ ਅਤੇ ਉਸ ਨੂੰ ਪੂਰੀ ਲਗਨ ਅਤੇ ਅਲਗਾਵ ਨਾਲ ਸ਼ੁੱਧ ਅਤੇ ਪਵਿੱਤਰ ਤੇਲ ਨਾਲ ਪਵਿੱਤਰ ਕੀਤਾ ਜਾਂਦਾ ਸੀ। ਇਸਰਾਇਲ ਨੂੰ ਲੋਕਾਂ ਦੇ ਇੱਕ ਸਮੂਹ ਦੇ ਤੋਰ ਤੇ ਸ਼ੁੱਧ ਅਤੇ ਪਵਿੱਤਰ ਕੀਤਾ ਗਿਆ ਸੀ ਕਿਉਂ ਕਿ ਉਹ ਪ੍ਰਮੇਸ਼ਵਰ ਦੇ ਚੁਣੇ ਹੋਏ ਲੋਕ ਸਨ। ਪ੍ਰਮੇਸ਼ਵਰ ਦੇ ਲੋਕ ਹੋਣ ਕਰਕੇ ਉਹਨਾਂ ਦੇ ਜਿਉਣ ਦਾ ਤਰੀਕਾ ਅਧਰਮੀਆਂ ਤੋਂ ਅਲੱਗ ਹੋਣਾ ਜ਼ਰੂਰੀ ਸੀ।

ਅਤੇ ਤੁਸੀਂ ਮੇਰੇ ਜਾਜਕਾਂ ਦੀ ਪਾਤਸ਼ਾਹੀ ਅਤੇ ਪਵਿੱਤਰ ਕੌਮ ਹੋਵੋਗੇ। ਇਹ ਉਹ ਗੱਲਾਂ ਹਨ ਜਿਹੜੀਆਂ ਤੂੰ ਇਜਰਾਇਲੀਆਂ ਨੂੰ ਦੱਸੇਗਾ। (ਕੂਚ ਦੀ ਪੋਥੀ 19:6)

ਇਸ ਕਰਕੇ ਉਹ ਅਲੱਗ ਰੱਖੇ ਗਏ ਸਨ ਤਾਂ ਕਿ ਉਹ ਸੰਸਾਰ ਦੇ ਦੂਸਰੇ ਲੋਕਾਂ ਨਾਲ ਵਿਵਾਹਿਕ ਸੰਬੰਧ ਨਾ ਬਣਾਉਣ ਅਤੇ ਉਹਨਾਂ ਦਾ ਦੂਸਰੇ ਦੇਸ਼ਾਂ ਦੇ ਦੇਵਤਿਆਂ ਨਾਲ ਕੋਈ ਲੈਣਾ ਦੇਣਾ ਨਾਂ ਹੋਵੇ। (ਬਿਵਸਥਾ ਸਾਰ 7:1-10) ਚਰਚ ਦੇ ਹਰ ਵਿਸ਼ਵਾਸ਼ੀ ਉੱਪਰ ਵੀ ਇਹ ਮਾਪ ਦੰਡ ਲਾਗੂ ਹੈ ਅਤੇ ਇਹ ਚਰਚ ਉੱਪਰ ਵੀ ਉਨਾਂ ਹੀ ਲਾਗੂ ਸੀ, ਜਿਸ ਬਾਰੇ ਰਸੂਲ ਪਤਰਸ ਕਹਿੰਦੇ ਹਨ:

ਪਰ ਤੁਸੀਂ ਚੁਣਿਆ ਹੋਇਆ ਵੰਸ਼, ਜਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪ੍ਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ। ਤੁਸੀਂ ਤਾਂ ਅੱਗੇ ਪਰਜ਼ਾ ਹੀ ਨਾ ਸਾਓ ਪਰ ਹੁਣ ਪ੍ਰਮੇਸ਼ਵਰ ਦੀ ਪਰਜ਼ਾ ਹੋ ਗਏ ਹੋ। ਤੁਸਾਂ ਉੱਤੇ ਰਹਮ ਨਾ ਹੋਇਆ ਸੀ ਪਰ ਹੁਣ ਰਹਮ ਹੋਇਆ ਹੈ। (1ਪਤਰਸ 2:9,10)

ਇਹ ਨਵੀਂ ਨਾਗਰਿਕਤਾ ਅਤੇ ਪਵਿੱਤਰ ਰੁਤਵਾ ਪਰਮੇਸ਼ਵਰ ਦੇ ਵਿਸ਼ਵਾਸ਼ੀ ਅੰਦਰ ਪਵਿੱਤਰ ਆਤਮਾ ਦੇ ਵਾਸ ਕਰਕੇ ਆਉਂਦਾ ਹੈ। ਜਦੋਂ ਸਾਡੇ ਅੰਦਰ ਪਵਿੱਤਰ ਆਤਮਾ ਦਾ ਵਾਸ ਹੁੰਦਾ ਹੈ ਉਦੋਂ ਤੋਂ ਅਸੀਂ ਵਿਸ਼ਵਾਸ਼ੀ ਪਵਿੱਤਰ ਆਤਮਾ ਰਾਹੀਂ ਅਲੱਗ ਕੀਤੇ ਜਾਂਦੇ ਹਾਂ। ਅਤੇ ਸਾਡੇ ਉੱਤੇ ਪਰਮੇਸ਼ਵਰ ਦੇ ਘਰ ਦੇ ਯੋਗ ਬਣਾਏ ਜਾਣ ਦੀ ਕਿਰਿਆ ਸ਼ੁਰੂ ਹੋ ਜਾਂਦੀ ਹੈ। (ਰਸੂਲਾਂ ਦੇ ਕਰਤੱਬ 1:8, ਯੂਹੰਨਾ 14:26)

ਉਸ ਉਪਰੰਤ ਪਵਿੱਤਰ ਆਤਮਾ ਵਲੋਂ ਵਿਸ਼ਵਾਸੀ ਉਤਸਾਹਿਤ ਅਤੇ ਬੋਝ ਤੋਂ ਮੁਕਤ ਕੀਤੇ ਜਾਂਦੇ ਹਨ। ਇਹ ਨਵੀਂ ਮਿਲੀ ਪਵਿੱਤਰਤਾ ਅਤੇ ਆਜ਼ਾਦੀ ਵਿਸ਼ਵਾਸੀਆਂ ਨੂੰ ਅੰਦਰੋਂ ਬਦਲਦੀ ਹੈ ਅਤੇ ਉਹ ਨਵੀਂ ਉਪਜ ਹੋ ਜਾਂਦੇ ਹਨ। (ਸੰਬੰਧਿਤ ਵਚਨ ਪੜੋ ਯੂਹੰਨਾ 8:32, 14:15-26, 1 ਕੁਰੰਥੀਆਂ 6:15,19, 20, 2 ਕੁਰੰਥੀਆਂ 6:14,18 ਅਤੇ 7:1, ਅਫਸਿਆਂ 3:16-21, ਰੋਮਿਉ 8:1 ਅਤੇ 1 ਯੂਹੰਨਾ 2:15-17)

ਪਵਿੱਤਰ ਆਤਮਾ ਰਾਹੀਂ ਵਿਸ਼ਵਾਸ਼ੀ ਇਕਦਮ ਅਲੱਗ ਕੀਤਾ ਜਾਂਦਾ ਹੈ। ਉਸ ਦੀ ਜਿੰਦਗੀ ਵਿੱਚ ਪਵਿੱਤਰ ਆਤਮਾ ਦਾ ਵਾਸ ਹੋਣ ਕਰਕੇ ਉਹ ਪ੍ਰਮੇਸ਼ਵਰ ਦਾ ਸਥਾਨ ਬਣ ਜਾਂਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਉਹ ਇਕਦਮ ਸੰਪੂਰਣ ਹੋ ਜਾਂਦਾ ਹੈ। ਬਲਕਿ ਆਤਮਾ ਉਸੇ ਤਰ੍ਹਾਂ ਕੰਮ ਕਰਦਾ ਹੈ ਜਿਵੇਂ ਕਿ ਪ੍ਰਮੇਸ਼ਵਰ ਚਾਹੁੰਦਾ ਹੈ ਕਿ ਵਿਸ਼ਵਾਸ਼ੀ ਸੰਪੂਰਣਤਾ ਵੱਲ ਵਧੇ। ਸ਼ਕਤੀ, ਲਚਕਤਾ ਅਤੇ ਸੰਤੁਲਨ ਉਸ ਅੰਦਰ ਜਿੰਦਗੀ ਦੇ ਅਨੁਭਵ ਨਾਲ ਆਉਂਦਾ ਹੈ। ਜਿਵੇਂ ਜਿਵੇਂ ਵਿਸ਼ਵਾਸ਼ੀ ਅੱਗੇ ਵਧਦਾ ਹੈ ਅਤੇ ਉੱਪਰ ਉੱਠਦਾ ਜਾਂਦਾ ਹੈ।

ਮੁੱਢਲੇ ਸਰੋਤ (ਪਰਮੇਸ਼ਵਰ ਦੇ ਵਚਨ) ਜੋ ਪ੍ਰਮੇਸ਼ਵਰ ਵੱਲੋਂ ਵਿਸ਼ਵਾਸੀ ਦੇ ਜੀਵਨ ਵਿਚ ਦਿੱਤੇ ਗਏ ਹਨ ਉਹਨਾਂ ਰਾਹੀਂ ਪਵਿੱਤਰ ਆਤਮਾ ਵਿਸ਼ਵਾਸ਼ੀ ਦੀ ਜਿੰਦਗੀ ਵਿੱਚ ਕੰਮ ਕਰਦਾ ਹੈ ਅਤੇ ਉਸਦਾ ਜੀਵਨ ਬਦਲਦਾ ਹੈ। (2 ਤਿਮੁਥੀ 4:2, ਯੂਹੰਨਾ 6:63) ਵਿਸ਼ਵਾਸੀ ਪ੍ਰਮੇਸ਼ਵਰ ਦੇ ਸੇਵਾਦਾਰ ਹੋ ਜਾਂਦੇ ਹਨ। (ਅਫਸਿਆਂ 4:11-16) ਅਤੇ ਪਵਿੱਤਰ ਆਤਮਾ ਦਾ ਅੰਦਰੂਨੀ ਕੰਮ ਜੋ ਕਿ ਉਸ ਨੇ ਵਿਅਕਤੀ ਦੇ ਵਿਚ ਜੀਵਨ ਰਚਨਾ ਕਰਨਾ ਹੈ ਉਹ ਕਰਦਾ ਹੈ। (1 ਯੂਹੰਨਾ 2:27, 3:21, 4:13, 5:10) ਇਹਨਾਂ ਕਮਾਂ ਦਾ ਪਵਿੱਤਰ ਬਾਈਬਲ ਵਿੱਚ ਵਿਸਤਾਰ ਨਾਲ ਵਰਨਣ ਹੈ ਅਤੇ ਇਹ ਵਿਸ਼ਵਾਸ਼ੀ ਦੇ ਪਵਿੱਤਰਤਾ ਵਿਚ ਵਧਣ ਵਾਸਤੇ ਜਰੂਰੀ ਅਤੇ ਮਹੱਤਵਪੂਰਣ ਹਨ।

ਪੁਰਾਣੇ ਨਿਯਮ ਵਿੱਚ ਵਸਤਾਂ ਦਾ ਅਤੇ ਬਲੀਆਂ ਦਾ ਸ਼ੁੱਧੀਕਰਣ ਬਹੁਤ ਸਾਰੀਆਂ ਧੋਣਾਂ ਤੋਂ ਬਾਦ ਅਤੇ ਸਾਫ ਕਰਨ ਤੋਂ ਬਾਦ ਆਉਂਦਾ ਸੀ ਅਤੇ ਇਹ ਸਦਾ ਉਹਨਾਂ ਦੇ ਕਿਸੇ ਅਪਵਿੱਤਰ ਚੀਜ਼ ਨੂੰ ਛੂਹਣ ਤੋਂ ਬਾਦ ਕਰਨਾ ਜ਼ਰੂਰੀ ਹੁੰਦਾ ਹੈ। ਨਵੇਂ ਨਿਯਮ ਵਿੱਚ ਸ਼ੁਧੀਕਰਣ ਜਿਸਮਾਨੀ ਅਤੇ ਆਤਮਿਕ ਸ਼ੁੱਧੀ ਰਾਹੀਂ ਹੁੰਦਾ ਹੈ ਅਤੇ ਇਹ ਸ਼ੁਧੀਕਰਣ ਦਾ ਕਮ ਪਵਿੱਤਰ ਆਤਮਾ ਕਰਦਾ ਹੈ (1 ਕੁਰੰਥੀਆਂ 7:1, ਰੋਮਿਉ 12:2, ਤੀਤੁਸ 3:5)

ਇਸ ਤੋਂ ਇਲਾਵਾ ਵਿਸ਼ਵਾਸ਼ੀ ਨੂੰ ਸਿਖਾਇਆ ਜਾਂਦਾ ਹੈ ਕਿ ਉਸ ਦਾ ਸਰੀਰ ਪਵਿੱਤਰ ਆਤਮਾ ਦਾ ਮੰਦਿਰ ਹੈ। (1 ਕੁਰੰਥੀਆਂ 6:19) ਅਤੇ ਇਸ ਤਰ੍ਹਾਂ ਵਿਸ਼ਵਾਸੀ ਨੂੰ ਖੁਦ ਨੂੰ ਨਕਲੀਪਨ ਅਤੇ ਦੁਨਿਆਵੀਪਨ ਤੋਂ ਦੂਰ ਰਹਿਣ ਦੀ ਲੋੜ ਹੈ। (1 ਯੂਹੰਨਾ 2:15-17, 1 ਤਿਮੁਥੀ 2:8-10, 1 ਪਤਰਸ 3:1-12)

ਸਰੀਰ ਨੂੰ ਪਵਿੱਤਰ ਆਤਮਾ ਦਾ ਮੰਦਿਰ ਮੰਨਿਆ ਗਿਆ ਹੈ ਤੇ ਉਹਨਾਂ ਕੰਮਾਂ ਵਾਸਤੇ ਨਹੀਂ ਦਿੱਤਾ ਗਿਆ ਜੋ ਪ੍ਰਮੇਸ਼ਵਰ ਦੇ ਮੰਦਰ ਦੇ ਯੋਗ ਨਹੀਂ ਹਨ। ਵਿਸ਼ਵਾਸੀਆ ਲਈ ਇਸ ਦੇ ਉਲਟ ਕੁਝ ਕਰਨਾ ਆਤਮਿਕ ਬਦਕਾਰੀ ਹੈ। (1 ਕੁਰੰਥੀਆਂ 6)

ਵਿਸ਼ਵਾਸੀ ਦੀ ਪਵਿੱਤਰਤਾ ਵਿਚ ਸੰਸਾਰੀ ਅੱਛੇ ਕਮਾ ਦਾ ਕੋਈ ਭੀ ਸੰਬੰਧ ਨਹੀਂ ਹੈ ਅਤੇ ਕੋਈ ਭੀ ਵਿਸ਼ਵਾਸ਼ੀ ਦੀ ਕੰਮ ਦੀ ਪੂਰਣਤਾ ਉਸ ਦੇ ਅੱਛੇ ਸੁਭਾਓ ਨੂੰ ਨਹੀਂ ਦੱਸਦੀ ਬਲਕਿ ਪਵਿੱਤਰ ਆਤਮਾ ਦੇ ਵਿਸ਼ਵਾਸ਼ੀ ਦੇ ਦਿਲ ਵਿੱਚ ਕੰਮ ਬਾਰੇ ਦੱਸਦੀ ਹੈ। ਇਹ ਪਵਿੱਤਰਤਾ ਦੇ ਬਦਲਾਵ ਅਤੇ ਝੁਕਾਅ, ਪਵਿੱਤਰ ਆਤਮਾ ਦੀ ਮੌਜੂਦਗੀ ਕਰਕੇ ਹੀ ਹੁੰਦੇ ਹਨ।

## ਪਵਿੱਤਰ ਆਤਮਾ ਰਾਹੀਂ ਸ਼ਕਤੀਕਰਣ (9)

ਪਰ ਜਦੋਂ ਪਵਿੱਤਰ ਆਤਮਾ ਤੁਹਾਡੇ ਉੱਤੇ ਆਵੇਗਾ ਤਾਂ ਤੁਸੀਂ ਸ਼ਕਤੀ ਪਾਓਗੇ। ਤੁਸੀਂ ਜੇਰੁਸਲੇਮ, ਸਾਰੇ ਯਹੂਦੀਆਂ ਅਤੇ ਸਮਰਿਆਵਿਚ ਸਗੋਂ ਧਰਤੀ ਦੇ ਬੰਨੇ ਤੱਕ ਮੇਰੇ ਗਵਾਹ ਹੋਵੋਗੇ। (ਰਸੂਲਾਂ ਦੇ ਕਰਤੱਬ 1:8)

ਵੇਖੋ ਮੈਂ ਆਪਣੇ ਪਿਤਾ ਦਾ ਕਰਾਰ ਤੁਹਾਡੇ ਉੱਤੇ ਘੱਲਦਾਂ ਹਾਂ ਪਰ ਜਦੋਂ ਤੱਕ ਉੱਪਰੋਂ ਸ਼ਕਤੀ ਨਾ ਪਾਉ ਸ਼ਹਿਰ ਵਿਚ ਬਣੇ ਰਹਿਣਾ। (ਲੂਕਾ 24:49)

ਵਿਸ਼ਵਾਸੀਆਂ ਦੇ ਜੀਵਨ ਵਿਚ ਸ਼ਕਤੀਕਰਨ ਦੇ ਦੋ ਮਕਸਦ ਹਨ।

1. ਹਰ ਇੱਕ ਵਿਸ਼ਵਾਸੀ ਨੂੰ ਸ਼ਕਤੀ ਦੇਣਾ ਤਾਂ ਕਿ ਉਹ ਖੁਦ ਉੱਤੇ ਅਤੇ ਸੰਸਾਰ ਉੱਤੇ ਜਿੱਤ ਹਾਸਿਲ ਕਰ ਲਵੇ।

2. ਪ੍ਰਭੂ ਦੇ Great Commission ਦੇ ਹੁਕਮ ਨੂੰ ਪੂਰਾ ਕਰਨਾ ਕਿ ਧਰਤੀ ਦੇ ਬੰਨੇ ਤੱਕ ਖੁਸ਼ਖਬਰੀ ਦਾ ਸਮਾਚਾਰ ਸੁਣਾਇਆ ਜਾ ਸਕੇ।

(ਮਤੀ 28:19, ਮਾਰਕਸ 16:15-18, ਲੂਕਾ 24:46-49)

ਪਵਿੱਤਰ ਆਤਮਾ ਦੀ ਵਿਸ਼ਵਾਸੀ ਉੱਤੇ ਸ਼ਕਤੀ ਉਸਦੇ ਨਿਜੀ ਜੀਵਨ ਨੂੰ ਪਾਪ ਦੀ ਗੁਲਾਮੀ ਤੋਂ ਬਾਹਰ ਕੱਢਦੀ ਹੈ। ਪਾਪੀ ਮਨੁੱਖ ਆਪਣੇ ਪਾਪਾਂ ਤੋਂ ਤੋਬਾ ਕਰਦਾ ਹੈ ਅਤੇ ਉਹ ਯਿਸੂ ਦੇ ਨਾਮ ਤੇ ਬਪਤਿਸਮਾ ਲੈਂਦਾ ਹੈ ਅਤੇ ਪਰਮੇਸ਼ਵਰ ਵਲੋਂ ਉਸਨੂੰ ਪਵਿੱਤਰ ਆਤਮਾ ਦਾ ਮੁਫ਼ਤ ਦਾ ਤੋਹਫ਼ਾ ਮਿਲਦਾ ਹੈ ਅਤੇ ਉਸ ਉੱਤੋਂ ਪਾਪ ਦਾ ਰਾਜ ਸਦਾ ਲਾਇ ਹਟ ਜਾਂਦਾ ਹੈ। (ਰਸੂਲਾਂ ਦੇ ਕਰਤੱਬ 2:38, ਰੋਮੀਓ 6:1-12, 18 ਅਤੇ 8:1)

ਇਹ ਸੱਚ ਹੈ ਕਿ ਵਿਸ਼ਵਾਸੀ ਨੂੰ ਮਸੀਹ ਛੂਹੰਦਾ ਹੈ ਜਦੋਂ ਉਸ ਦੇ ਲਈ ਕੋਈ ਪਰਮੇਸ਼ਵਰ ਦਾ ਸਚਾ ਭਗਤ ਦੁਆ ਕਰਦਾ ਹੈ ਪਰ ਕਦੀ ਕਦੀ ਸਾਡੇ ਬਪਤਿਸਮਾ ਲੈਣ ਤੋਂ ਤੁਰੰਤ ਬਾਦ ਪਵਿੱਤਰ ਆਤਮਾ ਸਾਡੇ ਉੱਤੇ ਪਵਿੱਤਰ ਆਤਮਾ ਨਹੀਂ ਉਤਰਦਾ ਪਰ ਉਸ ਲਈ ਜ਼ਰੂਰੀ ਹੈ ਕਿ ਅਸੀਂ ਵਿਸ਼ਵਾਸ ਨਾਲ ਪ੍ਰਭੂ ਅੱਗੇ ਦੁਆ ਕਰਦੇ ਰਹੀਏ ਅਤੇ ਪ੍ਰਭੂ ਦੀ ਮਰਜ਼ੀ ਤੇ ਸਾਨੂੰ ਪਵਿੱਤਰ ਆਤਮਾ ਦੀ ਅਨਮੋਲ ਸੌਗਾਤ ਪਰਮੇਸ਼ਵਰ ਵਲੋਂ ਪ੍ਰਾਪਤ ਹੁੰਦੀ ਹੈ ਕਿਓਂਕਿ ਇਹੋ ਪਰਮੇਸ਼ਵਰ ਦਾ ਵਾਇਦਾ ਹੈ।

ਮੁਢਲੇ ਸਮੇ ਦੇ ਚਰਚ ਆਪਣੇ ਯਤਨਾਂ ਨਾਲ ਪਵਿੱਤਰ ਆਤਮਾ ਦੀ ਭਰਪੂਰ ਸ਼ਕਤੀ ਦਾ ਤੋਹਫ਼ਾ ਪ੍ਰਾਪਤ ਕਰਨ ਲਈ ਹਰ ਤਰਾਂ ਦੀ ਮਿਹਨਤ ਕਰਦੇ ਸਨ ਪਰ ਉਹ ਇਸ ਵਿਚ ਕਦੀ ਕਾਮਯਾਬ ਨਹੀਂ ਹੋਏ। (ਰਸੂਲਾਂ ਦੇ ਕਰਤੱਬ 10) ਰਸੂਲ ਭੀ ਆਪਣੇ ਸਾਰੇ ਯਤਨ ਕਰਦੇ ਸਨ ਕਿ ਚਰਚ ਦੇ ਸਾਰੇ ਵਿਸ਼ਵਾਸੀਆਂ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਮਿਲੇ ਪਰ ਪਵਿੱਤਰ ਆਤਮਾ ਦੀ ਸ਼ਕਤੀ ਸਾਡੇ ਯਤਨਾਂ ਰਾਹੀਂ ਨਹੀਂ ਪਰ ਪਰਮੇਸ਼ਵਰ ਦੀ ਬਖਸ਼ਿਸ਼ ਰਾਹੀਂ ਹੀ ਮਿਲਦੀ ਹੈ।

ਅਫਸੁਸ ਦੇ ਵਿਸ਼ਵਾਸੀਆਂ ਨੂੰ ਮਿਲਕੇ ਰਸੂਲ ਪੌਲੁਸ ਨੇ ਪੁੱਛਿਆ ਕਿ ਕੀਆ ਉਹਨਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲ ਗਿਆ ਹੈ ਕਿਓਂਕਿ ਇਹ ਪਵਿੱਤਰ ਆਤਮਾ ਦੀ ਸ਼ਕਤੀ ਦਾ ਪਰਮੇਸ਼ਵਰ ਦਾ ਵਾਇਦਾ ਸਾਰਿਆਂ ਲਈ ਹੈ। (1 ਕੁਰਨਥੀਆਂ 12:13, ਯੁਹੰਨਾ 7:37-39, ਰਸੂਲਾਂ ਦੇ ਕਰਤੱਬ 2:38-39)

ਇਸਰਾਇਲੀਆਂ ਨੂੰ ਪਤਰਸ ਨੇ ਪਰਤਾਵੇ ਦਾ ਸਰਮਨ ਦਿੱਤਾ ਅਤੇ ਉਸ ਤੋਂ ਬਾਦ ਪਵਿੱਤਰ ਆਤਮਾ ਦੇ ਪਰਤਾਵੇ ਹੇਠ ਇਸਰਾਇਲੀ ਪਤਰਸ ਨੂੰ ਪੁੱਛਣ ਲੱਗੇ ਕਿ ਉਹ ਉਹਨਾਂ ਦੇ ਪਾਪਾਂ ਲਈ ਪਰਤਾਵੇ ਅਤੇ ਸਜ਼ਾ ਤੋਂ ਬਚਣ ਦੇ ਲਈ ਕੀਆ ਕਰਨ।

ਰਸੂਲ ਪਤਰਸ ਨੇ ਉਹਨਾਂ ਨੂੰ ਦੱਸਿਆ ਕਿ ਪਵਿੱਤਰ ਆਤਮਾ ਦੀ ਸ਼ਕਤੀ ਜਿਹੜੀ ਮੁਕਤੀ ਦੇ ਲਈ ਜ਼ਰੂਰੀ ਹੈ ਉਹ ਕਿਵੇਂ ਮਿਲਦੀ ਹੈ। ਯਿਸੂ ਨੇ ਇਸ ਨੂੰ ਪਵਿੱਤਰ ਆਤਮਾ ਤੋਂ ਦੁਬਾਰਾ ਜਨਮ ਕਿਹਾ। (ਯੂਹੰਨਾ 3:5) ਕੁਰਨੀਲਿਸ ਦੇ ਘਰ ਪਤਰਸ ਨੇ ਪਵਿੱਤਰ ਆਤਮਾ ਨੂੰ ਮੁਕਤੀ ਦੱਸਿਆ। (ਰਸੂਲਾਂ ਦੇ ਕਰਤੱਬ 10:6 ਅਤੇ 11:14) ਰਸੂਲ ਪੌਲੁਸ ਨੇ ਇਸਨੂੰ ਪਰਮੇਸ਼ਵਰ ਦਾ ਵਾਸ ਕਿਹਾ। (ਰੋਮੀਓ 8:9 ਅਤੇ ਅਫ਼ਸੀਆਂ 2:22)

ਸੁਭਾਵਿਕ ਤੌਰ ਤੇ ਪਵਿੱਤਰ ਆਤਮਾ ਦੀ ਸ਼ਕਤੀ ਦਾ ਵਿਸ਼ਵਾਸੀਆਂ ਉੱਤੇ ਆਉਣਾ ਤੁੱਛ ਨਹੀਂ ਮਨਿਆ ਜਾਣਾ ਚਾਹੀਦਾ ਅਤੇ ਇਸ ਦੀ ਪ੍ਰਾਪਤੀ ਦੇ ਲਈ ਸਾਡੀ ਪਰਮੇਸ਼ਵਰ ਅੱਗੇ ਦੁਆ ਵਿਚ ਕੋਈ ਕਮੀ ਨਹੀਂ ਹੋਣੀ ਚਾਹੀਦੀ ਕਿਓਂਕਿ ਇਹੋ ਹੀ ਮੁਕਤੀ ਹੈ। ਨਵੇਂ ਨਿਯਮ ਦੇ ਚਰਚ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਭਰਪੂਰ ਰਹੇ ਹਨ। (ਰਸੂਲਾਂ ਦੇ ਕਰਤੱਬ 4:8, 13:9 ਅਤੇ ਅਫ਼ਸੀਆਂ 5:18) ਰਸੂਲ ਪੌਲੁਸ ਸਭ ਨੂੰ ਪਵਿੱਤਰ ਆਤਮਾ ਦੀ ਸ਼ਕਤੀ ਦੇ ਪ੍ਰਾਪਤ ਕਰਨ ਦੇ ਲਈ ਉਤਸਾਹਿਤ ਕਰਦਾ ਸੀ। (ਅਫ਼ਸੀਆਂ 3:19)

ਪਵਿੱਤਰ ਬਾਈਬਲ ਦੀਆਂ ਰਸੂਲ ਦੀਆਂ ਚਿਠੀਆਂ ਨੂੰ ਧਿਆਨ ਨਾਲ ਪੜਨ ਤੇ ਪਤਾ ਚੱਲਦਾ ਹੈ ਕਿ ਜਗਾਹ ਜਗਾਹ ਦੇ ਸਾਰੇ ਵਿਸ਼ਵਾਸੀ ਪਵਿੱਤਰ ਆਤਮਾ ਦੇ ਭਰੇ ਹੋਏ ਹੁੰਦੇ ਸਨ। ਕੇਵਲ ਇਬਰਾਨੀ ਦੀ ਪੋਥੀ ਵਿਚ ਮੁਢਲੇ ਸਮਿਆਂ ਦੇ ਕੁਝ ਕੁ ਲੋਗ ਪਵਿੱਤਰ ਆਤਮਾ ਦੀ ਸ਼ਕਤੀ ਤੋਂ ਰਹਿਤ ਸਨ ਅਤੇ ਉਹਨਾਂ ਨੂੰ ਰਸੂਲ ਪੌਲੁਸ ਨੇ ਉਕਸਾਇਆ ਕਿ ਉਹ ਭੀ ਪਰਮੇਸ਼ਵਰ ਦੇ ਆਰਾਮ ਵਿਚ ਦਾਖਿਲ ਹੋਣ। (ਯਸ਼ਾਯਹ 28:11-12) ਪੌਲੁਸ ਨੇ ਉਹਨਾਂ ਨੂੰ ਪਵਿੱਤਰ ਆਤਮਾ ਦੀ ਮਹਾਨ ਸ਼ਕਤੀ ਵਾਰੇ ਦੱਸਿਆ। (ਇਬ੍ਰਾਨੀਆਂ 3:7-19,4:1-11) ਰਸੂਲ ਨੇ ਉਹਨਾਂ ਨੂੰ ਦੱਸਿਆ ਕਿ ਪਵਿੱਤਰ ਆਤਮਾ ਦੀ ਸ਼ਕਤੀ ਖੁਸ਼ਖਬਰੀ ਦੇ ਸੁਨੇਹੇ ਦਾ ਮੂਲ ਹੈ। (ਇਬ੍ਰਾਨੀਆਂ 8:6-13, 9:15 ਅਤੇ 10:14-17)

ਜੇ ਕਰ ਕਿਸੇ ਭੀ ਮਨੁੱਖ ਵਿਚ ਮਸੀਹ ਦਾ ਆਤਮਾ ਨਹੀਂ ਤਾਂ ਉਹ ਮਸੀਹ ਦਾ ਨਹੀਂ ਹੈ। (ਰੋਮੀਓ 8:9) ਇਥੇ ਇਹ ਸਾਫ ਜ਼ਾਹਿਰ ਹੈ ਕਿ ਪਵਿੱਤਰ ਆਤਮਾ ਹੀ ਮਸੀਹ ਦੀ ਆਤਮਾ ਹੈ। ਇਹ ਭੀ ਸਾਫ ਹੈ ਕਿ ਸਰਵ ਉੱਚ ਪਰਮੇਸ਼ਵਰ ਦੀਆਂ ਬਹੁਤ ਸਾਰੀਆਂ ਆਤਮਾਵਾਂ ਨਹੀਂ ਹਨ। (1 ਕੁਰਨਥੀਆਂ 12:13) ਮਸੀਹ ਦੀ ਆਤਮਾ ਪ੍ਰਾਪਤ ਕਰਨ ਦੇ ਲਈ ਵਿਸ਼ਵਾਸੀਆਂ ਅੰਦਰ ਪਵਿੱਤਰ ਆਤਮਾ ਦਾ ਹੋਣਾ ਜ਼ਰੂਰੀ ਹੈ ਅਤੇ ਪਵਿੱਤਰ ਆਤਮਾ ਲਈ ਵਿਸ਼ਵਾਸੀ ਅੰਦਰ ਮਸੀਹ ਦਾ ਆਤਮਾ ਜ਼ਰੂਰੀ ਹੈ। (1 ਪਤਰਸ 1:11, ਰੋਮੀਓ 1:1, 8:14, 16, 1 ਕੁਰਨਥੀਆਂ 6:19, ਗਲਤੀਆਂ 4:6, 1 ਯੂਹੰਨਾ 3:4 ਅਤੇ 4:1)

ਜੇ ਤੂੰ ਆਤਮਾ ਨਾਲ ਹੀ ਉਸਤਤ ਕਰੇਂ ਤਾਂ ਜਿਹੜਾ ਅਨਪੜ ਤੇਰੇ ਕੋਲ ਬੈਠਾ ਹੋਇਆ ਹੈ ਜਦੋਂ ਉਹ ਨਹੀਂ ਜਾਣਦਾ ਜੋ ਤੂੰ ਕੀਆ ਕਹਿੰਦਾ ਹੈਂ ਉਹ ਤੇਰੇ ਧਨਬਾਦ ਕਰਨ ਉੱਤੇ ਆਮੀਨ ਕਿਵੇਂ ਆਖੇ। (1 ਕੁਰਨਥੀਆਂ 14:16) ਇਥੇ ਅਨਪੜ ਦਾ ਅਰਥ ਹੈ ਉਹ ਮਨੁੱਖ ਜਿਹੜੇ ਖੁਦ ਨੂੰ ਮਸੀਹ ਤਾਂ ਦੱਸਦੇ ਹਨ ਪਰ ਉਹਨਾਂ ਕੋਲ ਪਵਿੱਤਰ ਆਤਮਾ ਦੀ ਸ਼ਕਤੀ ਨਹੀਂ ਅਰਥਾਤ ਅਜੇ ਉਹ ਮਸੀਹੀ ਨਹੀਂ ਹਨ। ਇਹ ਖੁਦ ਨੂੰ ਮਸੀਹੀ ਦੱਸਣ ਵਾਲੇ ਅਤੇ ਗੈਰ ਮਸੀਹੀ ਲੋਕ ਵੱਖਰੇ ਵੱਖਰੇ ਹਨ। ਇਹ ਮਸੀਹੀ ਚਰਚ ਤਾਂ ਜਾਂਦੇ ਹਨ ਪਰ ਉਹਨਾਂ ਅੰਦਰ ਮਸੀਹ ਨਹੀਂ ਵਸਦਾ ਇਸ ਲਈ ਇਹ ਮਸੀਹੀ ਪਵਿੱਤਰ ਆਤਮਾ ਦੇ ਆਉਣ ਦਾ ਇੰਤਜ਼ਾਰ ਕਰ ਰਹੇ ਹੁੰਦੇ ਹਨ। ਅਤੇ ਗੈਰ ਵਿਸ਼ਵਾਸੀ ਤਾਂ ਚਰਚ ਭੀ ਨਹੀਂ ਜਾਂਦੇ ਅਤੇ ਉਹ ਅਨੰਤ ਕਾਲ ਦੀ ਸਜ਼ਾ ਦਾ ਭਾਗੀਦਾਰ ਹਨ।

ਇਸ ਗੱਲ ਤੋਂ ਮਨਾਹ ਨਹੀਂ ਕੀਤਾ ਜਾ ਸਕਦਾ ਕਿ ਇੱਕ ਵਿਸ਼ਵਾਸੀ ਪਵਿੱਤਰ ਆਤਮਾ ਪ੍ਰਾਪਤ ਕਰਨ ਤੋਂ ਪਹਿਲੋਂ ਆਪਣੇ ਜੀਵਨ ਵਿਚ ਹੋ ਰਹੀਆਂ ਤਬਦੀਲੀਆਂ ਨੂੰ ਮਹਿਸੂਸ ਕਰਦਾ ਹੈ। ਜਦੋਂ ਭੀ ਕੋਈ ਪੁਰੁਖ ਮਸੀਹ ਦੇ ਖੁਸ਼ਖਬਰੀ ਦੇ ਸੁਨੇਹੇ ਵਿਚ

ਵਿਸ਼ਵਾਸ ਕਰਦਾ ਹੈ ਉਸਦੇ ਜੀਵਨ ਵਿਚ ਤਬਦੀਲੀਆਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਉਹ ਪਾਪਾਂ ਤੋਂ ਤੋਬਾ ਕਰਨ ਵਲ ਵਧਦਾ ਹੈ ਅਤੇ ਉਸਦੇ ਪਾਪ ਮਾਫ ਹੋ ਜਾਂਦੇ ਹਨ ਅਤੇ ਉਸ ਅੰਦਰ ਪਵਿੱਤਰ ਆਤਮਾ ਦੇ ਆਉਣ ਲਈ ਰਾਹ ਤਿਆਰ ਹੋ ਜਾਂਦਾ ਹੈ। ਇਹ ਸਭ ਕੁਝ ਅਕਸਰ ਇੱਕੋ ਵਾਰ ਹੁੰਦਾ ਹੈ ਪਰ ਫਿਰ ਭੀ ਕੁਝ ਕੁ ਦੇ ਪਾਪ ਤਾਂ ਮਾਫ ਹੋ ਜਾਂਦੇ ਹਨ ਪਰ ਪਵਿੱਤਰ ਆਤਮਾ ਉਹਨਾਂ ਉੱਤੇ ਕੁਝ ਸਮੇ ਬਾਦ ਆਉਂਦੀ ਹੈ। (ਰਸੂਲਾਂ ਦੇ ਕਰਤੱਬ 8 ਅਤੇ 10)

ਨਵੇਂ ਨਿਯਮ ਦੀ ਘੋਸ਼ਣਾ ਅਨੁਸਾਰ ਸਾਰੇ ਵਿਸ਼ਵਾਸੀ ਪਵਿੱਤਰ ਆਤਮਾ ਦੀ ਸ਼ਕਤੀ ਨਾਲ ਭਰੇ ਜਾਣਗੇ। (ਰਸੂਲਾਂ ਦੇ ਕਰਤੱਬ 2:38-39)

## ਪਵਿੱਤਰ ਆਤਮਾ ਦਾ ਆਉਣਾ ਅਤੇ ਉਸਦੇ ਮੁਢਲੇ ਸਬੂਤ (10)

### ਪਵਿੱਤਰ ਆਤਮਾ ਕਿਵੇਂ ਆਇਆ

"ਜਾਂ ਪੰਤਿਕੋਸਟ ਦਾ ਦਿਨ ਆਇਆ ਉਹ ਸਾਰੇ ਇੱਕ ਥਾਂ ਇਕੱਠੇ ਸਨ। ਅਚਾਨਕ ਆਕਾਸ਼ ਤੋਂ ਇੱਕ ਗੂੰਜ ਜਿਹੀ ਆਈ ਜਿਵੇਂ ਇੱਕ ਵੱਡੀ ਹਨੇਰੀ ਦੇ ਵਗਣ ਦੀ ਹੁੰਦੀ ਹੈ ਅਤੇ ਉਸ ਨਾਲ ਸਾਰਾ ਘਰ ਜਿਥੇ ਉਹ ਬੈਠੇ ਸਨ ਭਰ ਗਿਆ। ਉਹਨਾਂ ਨੂੰ ਅੱਗ ਜਿਹੀਆਂ ਜੀਭਾਂ ਵੱਖਰੀਆਂ ਵੱਖਰੀਆਂ ਹੁੰਦੀਆਂ ਵਿਖਾਈ ਦਿੱਤੀਆਂ ਅਤੇ ਉਹ ਉਹਨਾਂ ਉੱਤੇ ਠਹਰੀਆਂ। ਤਦ ਉਹ ਸਾਰੇ ਪਵਿੱਤਰ ਆਤਮਾ ਨਾਲ ਭਰ ਗਏ ਅਤੇ ਹੋਰ ਹੋਰ ਬੋਲੀਆਂ ਬੋਲਨ ਲੱਗੇ ਜਿਵੇਂ ਆਤਮਾ ਨੇ ਉਹਨਾਂ ਤੋਂ ਬੁਲਵਾਇਆ"। (ਰਸੂਲਾਂ ਦੇ ਕਰੱਬ 2:1-4)

ਮਸੀਹੀ ਕਲੀਸਿਯਾ ਦੇ ਜਨਮ ਵਾਰੇ ਰਸੂਲਾਂ ਦੇ ਕਰਤੱਬ ਦੇ ਅਧਿਆਇ 2 ਵਿਚ ਵਿਸਤਾਰ ਨਾਲ ਵਰਨਣ ਹੈ ਕਿ ਚਰਚ ਦਾ ਆਰੰਭ ਸਾਰੇ ਵਿਸ਼ਵਾਸੀਆਂ ਦੇ ਪਵਿੱਤਰ ਆਤਮਾ ਨਾਲ ਭਰੇ ਜਾਣ ਨਾਲ ਹੋਇਆ। (ਰਸੂਲਾਂ ਦੇ ਕਰਤੱਬ 2:1-4)

ਚਰਚ ਦਾ ਜਨਮ ਅਤੇ ਉਸਤੋਂ ਬਾਦ ਕਲੀਸਿਯਾ ਵਿਚ ਪਵਿੱਤਰ ਆਤਮਾ ਦੇ ਆਉਣ ਅਤੇ ਪਵਿੱਤਰ ਆਤਮਾ ਦੀ ਵਿਸ਼ਵਾਸੀਆਂ ਉੱਤੇ ਭਰਪੂਰੀ ਵਾਰੇ (ਮਤੀ 16:18,  ਲੂਕਾ 24:49, ਯੂਹੰਨਾ 7:37-39, 14:16-18, 20:22, ਰਸੂਲਾਂ ਦੇ ਕਰਤੱਬ 1:4 ਅਤੇ 1:8) ਭਵਿੱਖ ਬਾਣੀਆਂ ਦਰਜ ਹਨ। ਪਵਿੱਤਰ ਆਤਮਾ ਦੀਆਂ ਵਿਧੀਆਂ ਅਤੇ ਵਿਸ਼ਵਾਸੀਆਂ ਦੇ ਜੀਵਨ ਵਿਚ ਕੱਮ ਕਰਨ ਦੇ ਫਲਾਂ ਦਾ ਵਿਵਰਣ (1 ਕੁਰਨਥੀਆਂ 14, ਗਲਤੀਆਂ 5:16-23) ਵਿਚ ਵਿਸਤਾਰ ਨਾਲ ਦੱਸਿਆ ਗਿਆ ਹੈ। ਰਸੂਲਾਂ ਦੇ ਕਰਤੱਬ ਦੀ ਪੋਥੀ ਵਿਸ਼ਵਾਸੀਆਂ ਦੇ ਨਿਜੀ ਜੀਵਨ ਵਿਚ ਪਵਿੱਤਰ ਆਤਮਾ ਦਾ ਬਹਾਵ ਕਿਵੇਂ ਹੋਇਆ ਅਤੇ ਉਸਦੇ ਆਉਣ ਦੇ ਮੁਢਲੇ ਸਬੂਤ ਕਿਆ ਹਨ ਵਾਰੇ ਵਿਸਤਾਰ ਨਾਲ ਬਿਆਨ ਕਰਦੀ ਹੈ।

ਰਸੂਲਾਂ ਦੇ ਕਰਤੱਬ ਦੀ ਪੋਥੀ ਪਵਿੱਤਰ ਆਤਮਾ ਦੀ ਪੋਥੀ ਹੈ ਅਤੇ ਇਸ ਨੂੰ ਰਸੂਲਾਂ ਦੇ ਕੱਮ ਨਾ ਕਹਿ ਕੇ ਪਵਿੱਤਰ ਆਤਮਾ ਦੇ ਕੱਮਾ ਦੀ ਪੋਥੀ ਭੀ ਕਿਹਾ ਜਾ ਸਕਦਾ ਹੈ। ਇਸ ਪੋਥੀ ਵਿਚ ਵਿਸ਼ਵਾਸੀਆਂ ਦੇ ਨਿਜੀ ਜੀਵਨ ਵਿਚ ਪਵਿੱਤਰ ਆਤਮਾ ਦੇ ਉਹਨਾਂ ਉੱਤੇ ਆਉਣ, ਉਹਨਾਂ ਦੇ ਪਵਿੱਤਰ ਆਤਮਾ ਦੇ ਬਪਤਿਸਮੇ, ਉਹਨਾਂ ਦੇ ਅਨੁਭਵ ਅਤੇ ਉਹਨਾਂ ਨੂੰ ਪ੍ਰਾਪਤ ਫਲਾਂ ਦਾ ਵਰਨਣ ਹੈ। ਪਵਿੱਤਰ ਬਾਈਬਲ ਸਾਫ ਤੌਰ ਤੇ ਘੋਸ਼ਣਾ ਕਰਦੀ ਕਿ ਨਵੇਂ ਨਿਯਮ ਦਾ ਮਕਸਦ ਹੀ ਵਿਸ਼ਵਾਸੀਆਂ ਨੂੰ ਰੂਹਾਨੀ ਜਨਮ ਦੇਣਾ ਅਤੇ ਉਹਨਾਂ ਨੂੰ ਯਿਸੂ ਦੇ ਲਹੂ ਦੇ ਸਮਰਥ ਨਾਲ ਪਰਮੇਸ਼ਵਰ ਦੇ ਧੀਆਂ ਪੁੱਤਰ ਬਣਾਉਣਾ ਹੈ।

ਰਸੂਲਾਂ ਦੇ ਕਰਤਬ ਦੀ ਪੋਥੀ ਵਿਸ਼ਵਾਸੀਆਂ ਦੇ ਪਵਿੱਤਰ ਆਤਮਾ ਨਾਲ ਭਰੇ ਜਾਣ ਤੇ ਉਹਨਾਂ ਦੇ ਨਿਜੀ ਅਨੁਭਵਾਂ ਨੂੰ ਇਤਿਹਾਸ ਦੀ ਦ੍ਰਿਸ਼ਟੀ ਨਾਲ ਬਿਆਨ ਤਾਂ ਨਹੀਂ ਕਰਦੀ ਪਰ ਵਿਸ਼ਵਾਸੀਆਂ ਦਾ ਹੋਰ ਹੋਰ ਬੋਲੀਆਂ ਬੋਲਣ ਨੂੰ ਉਹਨਾਂ ਉੱਪਰ ਪਵਿੱਤਰ ਆਤਮਾ ਦੇ ਪ੍ਰਤੱਖ ਹੋਣ ਦੇ ਸਬੂਤ ਦੱਸਦੀ ਹੈ। (ਰਸੂਲਾਂ ਦੇ ਕਰਤੱਬ ਦੀ ਪੋਥੀ 10:44-48)

### ਪਵਿੱਤਰ ਆਤਮਾ ਦੇ ਵਿਸ਼ਵਾਸੀਆਂ ਉੱਪਰ ਆਉਣ ਦੇ ਮੁਢਲੇ ਸਬੂਤ

ਰਸੂਲਾਂ ਦੇ ਕਰਤੱਬ ਪੋਥੀ ਵਿੱਚ ਪਵਿੱਤਰ ਆਤਮਾ ਦੇ ਮਨੁੱਖ ਉੱਪਰ ਆਉਣ ਬਾਰੇ ਬਹੁਤ ਸਾਰੇ ਸਬੂਤ ਦਰਜ ਹਨ ਜਿਵੇਂ ਕਿ ਸੁਰਗ ਤੋਂ ਆਵਾਜ਼, ਬਹੁਤ ਤੇਜ਼ ਅਤੇ ਭਾਰੀ ਹਨ੍ਹੇਰੀ ਦਾ ਚੱਲਣਾ ਅਤੇ ਅੱਗਾਂ ਦੀਆਂ ਵੱਖਰੀਆਂ ਵੱਖਰੀਆਂ ਹੁੰਦੀਆਂ ਜੀਭਾਂ (ਰਸੂਲਾਂ ਦੇ ਕਰਤੱਬ ੨)

ਇਹ ਇੱਕ ਨਵੀਂ ਘਟਨਾ ਸੀ ਅਤੇ ਇਸ ਤੋਂ ਪਹਿਲੋਂ ਕਦੀ ਭੀ ਇਹ ਸਭ ਕੁਝ ਦਾ ਅਨੁਭਵ ਨਹੀਂ ਸੀ ਹੋਇਆ। ਇਸ ਰੱਬੀ ਘਟਨਾ ਨੇ ਬਹੁਤ ਸਾਰੇ ਸਬੂਤ ਛੱਡੇ ਕਿ ਸਾਰੇ ਵਿਸ਼ਵਾਸੀਆਂ ਅੰਦਰ ਪਵਿੱਤਰ ਆਤਮਾ ਆਇਆ ਅਤੇ ਉਹ ਸਾਰੇ ਉਸ ਰਾਹੀਂ ਭਰੇ ਗਏ।

ਵਚਨ ਦੱਸਦਾ ਹੈ ਕਿ ਅਚਾਨਕ ਆਕਾਸ਼ ਤੋਂ ਇੱਕ ਗੂੰਜ ਆਈ ਜਿਵੇਂ ਵੱਡੀ ਹਨੇਰੀ ਦੇ ਵਗਣ ਦੀ ਹੋਵੇ ਅਤੇ ਉਸ ਨਾਲ ਸਾਰਾ ਘਰ ਜਿਥੇ ਉਹ ਬੈਠੇ ਸਨ ਭਰ ਗਿਆ। (ਰਸੂਲਾਂ ਦੇ ਕਰਤੱਬ 2:2) ਅਤੇ ਸਭ ਨੂੰ ਪਵਿੱਤਰ ਆਤਮਾ ਦੇ ਆਣ ਕਰਕੇ ਇੱਕ ਪਰਮ ਆਨੰਦ ਦਾ ਅਨੁਭਵ ਹੋਇਆ। ਇਹ ਅਚਾਨਕ ਪਰਮ ਆਨੰਦ ਦਾ ਅਨੁਭਵ ਅਤੇ ਦੈਵੀ ਸ਼ਕਤੀ ਦਾ ਦਖਲ ਬਹੁਤ ਸਾਰਿਆਂ ਹਾਲਾਤਾਂ ਵਿਚ ਜਿਵੇਂ ਉਹਨਾਂ ਨੂੰ ਬੈਠੇ ਹੋਏ, ਪ੍ਰਾਰਥਨਾ ਕਰਦੇ ਹੋਏ, ਹੱਥ ਫੈਲਾਂਦੇ ਹੋਏ ਨੂੰ ਹੋਇਆ। (ਰਸੂਲਾਂ ਦੇ ਕਰਤੱਬ 2:2)

ਇਹੋ ਜਿਹਾ ਅਨੁਭਵ ਉਸਤੋਂ ਬਾਦ (ਰਸੂਲਾਂ ਦੇ ਕਰਤੱਬ 8:17-18) ਅਤੇ ਸ਼ੁਭ ਸੰਦੇਸ਼ ਦਾ ਪ੍ਰਚਾਰ ਕਰਦਿਆਂ ਹੋਇਆ (ਰਸੂਲਾਂ ਦੇ ਕਰਤੱਬ 10:44) ਵਿਚ ਅਚਾਨਕ ਦੈਵੀ ਸ਼ਕਤੀ ਦਾ ਉਤਾਰੂ ਹੋਣਾ ਲਗਾਤਾਰ ਹੁੰਦਾ ਰਿਹਾ।

ਵਿਸ਼ਵਾਸ਼ੀਆਂ ਦੀ ਇਸ ਅਚਾਨਕ ਪਵਿੱਤਰ ਆਤਮਾ ਦੀ ਭਰਪੂਰੀ ਲਈ ਪ੍ਰਤੀਕਿਰਿਆ ਸਾਰਿਆਂ ਵਿੱਚ ਸੀ। ਰਸੂਲਾਂ ਦੇ ਕਰਤੱਬ 2 ਵਿਚ ਇਸ ਪਵਿੱਤਰ ਆਤਮਾ ਦੇ ਆਉਣ ਦੇ ਨਤੀਜੇ ਦੱਸੇ ਗਏ ਹਨ ਕਿ ਉਹ ਆਨੰਦ ਵਿਚ ਸਨ ਅਤੇ ਉਹ ਸਾਰੇ ਬੱਚਿਆਂ ਸਮੇਤ ਹੋਰ ਹੋਰ ਬੋਲੀਆਂ ਬੋਲਣ ਲੱਗੇ ਜਿਵੇਂ ਉਹਨਾਂ ਨੂੰ ਪਵਿੱਤਰ ਆਤਮਾ ਨੇ ਬੁਲਵਾਇਆ। (ਰਸੂਲਾਂ ਦੇ ਕਰਤੱਬ 2:1-4, 10:44-48, 19:16) ਇਹ ਹੋਰ ਹੋਰ ਬੋਲੀਆਂ ਬੋਲਣ ਨੂੰ ਪਵਿੱਤਰ ਆਤਮਾ ਦੀ ਅੰਦਰੂਨੀ ਭਰਪੂਰੀ ਦਾ ਪਹਿਲਾ ਸਬੂਤ ਮੰਨਿਆ ਗਿਆ ਹੈ ਅਤੇ ਇਹੋ ਹੀ ਆਉਣ ਵਾਲੇ ਸਮਿਆਂ ਲਈ ਭੀ ਪ੍ਰਤੱਖ ਪ੍ਰਮਾਣ ਮੰਨਿਆ ਜਾਂਦਾ ਹੈ। (ਰਸੂਲਾਂ ਦੇ ਕਰਤੱਬ 10:45-46, 15:8-9 ਅਤੇ ਯਸਾਯਾਹ 28:11-12)

ਨਵੇਂ ਨਿਯਮ ਦੇ ਚਰਚ ਵਿੱਚ ਇਹ ਅਨੁਭਵ ਆਮ ਸੀ ਅਤੇ ਪਵਿੱਤਰ ਆਤਮਾ ਦੇ ਕਿਸੇ ਉੱਪਰ ਇਥੋਂ ਤੱਕ ਕਿ ਬੱਚਿਆਂ ਉੱਪਰ ਆਉਣ ਦਾ ਸਬੂਤ ਮੰਨਿਆ ਜਾਣ ਲੱਗਾ। (ਰਸੂਲਾਂ ਦੇ ਕਰਤੱਬ 2:38-39, 1:8) ਰਸੂਲਾਂ ਨੇ ਹੋਰ ਹੋਰ ਬੋਲੀਆਂ ਬੋਲਣ ਨੂੰ ਪਵਿੱਤਰ ਆਤਮਾ ਦੇ ਕਿਸੇ ਉੱਪਰ ਆਉਣ ਦਾ ਸਬੂਤ ਮੰਨਿਆ ਅਤੇ ਇਸ ਦੀ ਲੋੜ ਹੋਣ ਨੂੰ ਪੁਰਜ਼ੋਰ ਸਵੀਕਾਰ ਕੀਤਾ। (ਰਸੂਲਾਂ ਦੇ ਕਰਤੱਬ 19:1, 2:38)

ਇਹ ਵਿਸ਼ਵਾਸ ਵਾਲੀ ਗੱਲ ਹੈ ਕਿ ਕਿਆ ਯਹੂਦੀ ਅਤੇ ਕਿਆ ਗੈਰ ਯਹੂਦੀ, ਕਿਆ ਪ੍ਰਚਾਰਿਕ ਅਤੇ ਕਿਆ ਆਮ ਵਿਸ਼ਵਾਸੀ ਸਾਰਿਆਂ ਨੂੰ ਇੱਕੋ ਹੀ ਅਨੁਭਵ ਹੋਇਆ। ਨਵੇਂ ਨਿਯਮ ਦੇ ਸਮੇਂ ਵਿੱਚ ਇਹ ਮਸੀਹੀ ਦੁਨੀਆਂ ਵਿੱਚ ਸਰਵ ਭੌਮਿਕ (Universal ) ਮੰਨਿਆ ਗਿਆ। (ਰਸੂਲਾਂ ਦੇ ਕਰਤੱਬ 2:38-39, 10:44-46, 11:15-17, 15:8-9, 19:1-6)। ਰਸੂਲਾਂ ਦੇ ਸਮੇਂ ਦੇ ਪਿਛੋਕੜ ਤੱਕ ਮਸੀਹੀ ਵਿਸ਼ਵਾਸੀਆਂ ਵਿੱਚ 'ਦੁਬਾਰਾ ਜਨਮ' ਦੀ ਕਿਰਿਆ ਦਾ ਪੂਰਾ ਹੋਣਾ ਪਵਿੱਤਰ ਆਤਮਾ ਦੀ ਭਰਪੂਰੀ ਤੋਂ ਬਿਨਾਂ ਸੰਭਵ ਨਹੀਂ ਮੰਨਿਆ ਗਿਆ।

ਪੈਂਟੀਕੋਸਟਲਿਜ਼ਮ ਵਿਚ ਇਹ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਹੋਣਾ ਜ਼ਰੂਰੀ ਹੈ ਅਤੇ ਇਸ ਨੂੰ ਕਿਸੇ ਵੱਖਰੇ ਲੋਕਾਂ ਦੇ ਸੰਘ ਦੀ ਜ਼ਰੂਰਤ ਦੇ ਰੂਪ ਵਿਚ ਨਹੀਂ ਮੰਨਿਆ ਜਾਣਾ ਚਾਹੀਦਾ। ਪਵਿੱਤਰ ਬਾਈਬਲ ਦੇ ਇਸ ਸੱਚ ਨੂੰ ਝੁਠਲਾਉਣ ਦਾ ਹਰ ਇੱਕ ਯਤਨ ਪਵਿੱਤਰ ਬਾਈਬਲ ਵਿਰੋਧੀ ਅਰਥਾਤ ਮਸੀਹ ਵਿਰੋਧੀ ਹੈ। ਪੈਂਟੀਕੋਸਟਲਿਜ਼ਮ ਦੇ ਮੁਢਲੇ ਸਾਲਾਂ ਦੇ ਚਰਚ ਵਿਚ ਹੋਰ ਹੋਰ ਬੋਲੀਆਂ ਬੋਲਣਾ ਵਿਸ਼ਵਾਸ ਦਾ ਇੱਕ ਜ਼ਰੂਰੀ ਹਿੱਸਾ ਦੱਸਿਆ ਗਿਆ ਹੈ ਕਿਉਂਕਿ ਸ਼ੁਰੂਆਤੀ ਸਾਲਾਂ ਵਿੱਚ ਇਹ ਸਭ ਤੋਂ ਲੋਕ ਪ੍ਰਿਯ ਅਤੇ ਪਰਮੇਸ਼ਵਰ ਦੀ ਮਹਾਨ ਬਖਸ਼ਿਸ਼ ਮੰਨੀ ਗਈ ਸੀ ਕਿਉਂਕਿ ਕਿਸੇ ਵਿਸ਼ਵਾਸੀ ਉੱਪਰ ਪਵਿੱਤਰ ਆਤਮਾ ਦੇ ਆਉਣ ਦਾ ਇਹ ਇੱਕ ਪ੍ਰਤੱਖ ਸਬੂਤ ਸੀ।

ਮਹਾਨ ਪੈਂਟੀਕੋਸਟਲ ਵਿਦਵਾਨਾਂ ਨੇ ਰਸੂਲਾਂ ਦੇ ਕਰਤੱਬ 19:1-7 ਦੇ ਪੱਖ ਵਿਚ ਕਿਹਾ ਕਿ ਪਵਿੱਤਰ ਆਤਮਾ ਦਾ ਪਰਮੇਸ਼ਵਰ ਦਾ ਤੋਹਫ਼ਾ ਪੁਰਾਣੇ ਨਿਯਮ ਦੀ ਪਵਿੱਤਰ ਕਰਨ ਦੀ ਕਿਰਿਆ ਦੀ ਤਰਾਂ ਹੀ ਹੈ ਅਤੇ ਹੋਰ ਹੋਰ ਬੋਲੀਆਂ ਬੋਲਣਾ ਵਿਸ਼ਵਾਸੀਆਂ ਦੀ ਪਵਿੱਤਰਤਾ ਦਾ ਸਬੂਤ ਹੈ। ਚਰਚ ਦਾ ਵਿਸ਼ਵਾਸ ਇਸੇ ਅਨੁਭਵ ਉੱਪਰ ਸਥਿਰ ਹੈ ਕਿਉਂਕਿ ਵਿਸ਼ਵਾਸੀ ਦੇ ਨਿਜੀ ਸਰੀਰ ਵਿਚ ਇਸ ਕਿਰਿਆ ਦਾ ਮਹਾਨ ਆਨੰਦ ਹੁੰਦਾ ਹੈ। ਇਸ ਵਿਚ ਪਰਮੇਸ਼ਵਰ ਦੀ ਸ਼ਕਤੀ ਵਿਸ਼ਵਾਸੀ ਦੇ ਭੌਤਿਕ ਸਰੀਰ ਉੱਤੇ ਅਤੇ ਉਸਦੀ ਰੂਹ ਉੱਤੇ ਭਰਪੂਰ ਸ਼ੋਧ ਦਾ ਕੱਮ ਕਰਦੀ ਹੈ ਕਿਉਂਕਿ ਹੋਰ ਹੋਰ ਬੋਲੀਆਂ ਬੋਲਣ ਸਮੇ ਵਿਸ਼ਵਾਸੀ ਦੀ ਬੋਲਣ ਦੀ ਸ਼ਕਤੀ ਅਤੇ ਉਸਦਾ ਮਨ ਤੇ ਰੂਹ ਪਵਿੱਤਰ ਆਤਮਾ ਦੇ ਅਧਿਕਾਰ ਵਿਚ ਚਲੇ ਜਾਂਦੇ ਹਨ ਇਸ ਲਈ ਇਹ ਸ਼ੁਧੀਕਰਣ ਦੀ ਕਿਰਿਆ ਹੈ।

ਜਿਹੜੇ ਵਿਸ਼ਵਾਸੀ ਕੁਝ ਸਮਾਂ ਪਹਿਲੋਂ ਕੁਝ ਭੀ ਨਹੀਂ ਸਨ ਉਹ ਪਵਿੱਤਰ ਆਤਮਾ ਪ੍ਰਾਪਤ ਕਰਕੇ ਬੋਲੀਆਂ ਬੋਲਣ ਲਗਦੇ ਹਨ ਅਤੇ ਉਹਨਾਂ ਉੱਪਰ ਪਰਮੇਸ਼ਵਰ ਦੀ ਸ਼ਕਤੀ ਉਹਨਾਂ ਨੂੰ ਬੜੇ ਬੜੇ ਕਮ ਕਰਨ ਦਾ ਸਮਰਥ ਦਿੰਦੀ ਹੈ। ਪਹਿਲੋਂ ਪਹਿਲੋਂ ਉਹਨਾਂ ਨੂੰ ਭੀ ਇਹ ਇੱਕ ਅਜੀਬ ਅਨੁਭਵ ਦਿਸਦਾ ਹੈ ਪਰ ਜਲਦੀ ਹੀ ਉਹਨਾਂ ਦੇ ਜੀਵਨ ਪੂਰੀ ਤਰਾਂ ਬਦਲ ਜਾਂਦੇ ਹਨ। ਹੋਰ ਹੋਰ ਬੋਲੀਆਂ ਬੋਲਣ ਤੋਂ ਇਲਾਵਾ ਭੀ ਪਵਿੱਤਰ ਆਤਮਾ ਦੇ ਬਹੁਤ ਫਲ ਹਨ ਜਿਹੜੇ ਕਿ ਗਲਤੀਆਂ 5 ਵਿਚ ਦੱਸੇ ਗਏ ਹਨ ਪ੍ਰਾਪਤ ਹੁੰਦੇ ਹਨ।